# Punjab Government Gazette

## EXTRAORDINARY

*Published by Authority*

CHANDIGARH, THURSDAY, MARCH 19, 2026
(PHALGUNA 28, 1947 SAKA)


ਵਿਧਾਨਕ ਅਨੁਪੂਰਕ

ਮਜ਼ਮੂਨ ਪੰਨੇ


ਭਾਗ I ਐਕਟ

1. ਪੰਜਾਬ ਰਾਜ ਦੇ ਵਿਧਾਨ ਮੰਡਲ ਦੇ ਅਧਿਕਾਰੀ, ਮੰਤਰੀ ਅਤੇ ਮੈਂਬਰ (ਡਾਕਟਰੀ ਸਹੂਲਤਾਂ) ਐਕਟ, 1965 (1965 ਦਾ ਪੰਜਾਬ ਐਕਟ ਨੰ. 26) ... 295-296
2. ਪੰਜਾਬ ਜਨਤਕ ਉਪਾਪਨ ਵਿੱਚ ਪਾਰਦਰਸ਼ਤਾ ਐਕਟ, 2019 (2019 ਦਾ ਪੰਜਾਬ ਐਕਟ ਨੰ. 12) ... 297-346

ਭਾਗ II ਆਰਡੀਨੈਂਸ

*ਕੋਈ ਨਹੀਂ*

ਭਾਗ III ਅਧੀਨ ਵਿਧਾਨਕਾਰੀ

*ਕੋਈ ਨਹੀਂ*

ਭਾਗ IV ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ

*ਕੋਈ ਨਹੀਂ*


———

**ਭਾਗ–I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 19 ਮਾਰਚ, 2026

ਨੰ: 25/ਭ.ਕ./2026.– ਪੰਜਾਬ ਰਾਜ ਦੇ ਵਿਧਾਨ ਮੰਡਲ ਦੇ ਅਧਿਕਾਰੀ, ਮੰਤਰੀ ਅਤੇ ਮੈਂਬਰ (ਡਾਕਟਰੀ ਸਹੂਲਤਾਂ) ਐਕਟ, 1965 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 19th March, 2026

**No. 25/L.C./2026.**- The Translation in Punjabi of the Punjab State Legislature Officers, Ministers and Members (Medical Facilities) Act, 1965 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਰਾਜ ਦੇ ਵਿਧਾਨ ਮੰਡਲ ਦੇ ਅਧਿਕਾਰੀ, ਮੰਤਰੀ ਅਤੇ ਮੈਂਬਰ (ਡਾਕਟਰੀ ਸਹੂਲਤਾਂ) ਐਕਟ, 1965

(1965 ਦਾ ਪੰਜਾਬ ਐਕਟ ਨੰ: 26)

ਪੰਜਾਬ ਰਾਜ ਵਿੱਚ ਕੁੱਝ ਖ਼ਾਸ ਅਹੁਦੇ ਧਾਰਨ ਕਰਨ ਵਾਲੇ ਵਿਅਕਤੀਆਂ ਨੂੰ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸੋਲ੍ਹਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. ਇਸ ਐਕਟ ਨੂੰ ਪੰਜਾਬ ਰਾਜ ਦੇ ਵਿਧਾਨ ਮੰਡਲ ਦੇ ਅਧਿਕਾਰੀ, ਮੰਤਰੀ ਅਤੇ ਮੈਂਬਰ (ਡਾਕਟਰੀ ਸਹੂਲਤਾਂ) ਐਕਟ, 1965 ਕਿਹਾ ਜਾ ਸਕੇਗਾ। ਸੰਖੇਪ ਨਾਂ।

2. (1) ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਹੇਠ–ਲਿਖੇ ਅਹੁਦਿਆਂ ਵਿੱਚੋਂ, ਤੱਤ ਸਮੇਂ ਲਈ, ਕੋਈ ਵੀ ਅਹੁਦਾ ਧਾਰਨ ਕਰਨ ਵਾਲਾ ਹਰੇਕ ਵਿਅਕਤੀ, ਖੁਦ ਆਪਣੇ ਲਈ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਲਈ ਅਜਿਹੀਆਂ ਡਾਕਟਰੀ ਸਹੂਲਤਾਂ ਦਾ ਹੱਕਦਾਰ ਹੋਵੇਗਾ ਜੋ ਰਾਜ ਸਰਕਾਰ ਦੁਆਰਾ ਇਸ ਦੇ ਨਮਿੱਤ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ ਕੀਤੀਆਂ ਜਾਣ, ਅਰਥਾਤ:– ਡਾਕਟਰੀ ਸਹੂਲਤਾਂ।

(i) * * * *

(ii) ਪੰਜਾਬ ਵਿਧਾਨ ਸਭਾ ਦਾ ਸਪੀਕਰ ਜਾਂ ਡਿਪਟੀ ਸਪੀਕਰ;

(iii) ਪੰਜਾਬ ਰਾਜ ਦਾ ਮੰਤਰੀ, ਰਾਜ ਮੰਤਰੀ ਜਾਂ ਉਪ–ਮੰਤਰੀ; ਜਾਂ

(iv) ਪੰਜਾਬ ਵਿਧਾਨ ਸਭਾ ਦਾ ਮੈਂਬਰ।

(2) ਉਪ-ਧਾਰਾ (1) ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਵਿਧਾਨ ਮੰਡਲ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਵਿਧਾਨ ਮੰਡਲ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3667/3-2026/Pb. Govt. Press, S.A.S. Nagar*

ਭਾਗ–I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 19 ਮਾਰਚ, 2026

ਨੰ: 26/ਭ.ਕ./2026.– ਪੰਜਾਬ ਜਨਤਕ ਉਪਾਪਨ ਵਿੱਚ ਪਾਰਦਰਸ਼ਤਾ ਐਕਟ, 2019 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 19th March, 2026

**No. 26/L.C./2026.**- The Translation in Punjabi of the Punjab Transparency in Public Procurement Act, 2019 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਜਨਤਕ ਉਪਾਪਨ ਵਿੱਚ ਪਾਰਦਰਸ਼ਤਾ ਐਕਟ, 2019

(2019 ਦਾ ਪੰਜਾਬ ਐਕਟ ਨੰ: 12)

ਚਿਤਵਤ ਨਤੀਜਿਆਂ ਦਾ ਸੁਯੋਗਤਾ, ਆਰਥਿਕਤਾ, ਦਿਆਨਤਦਾਰੀ ਅਤੇ ਜਵਾਬਦੇਹੀ, ਪਾਰਦਰਸ਼ਤਾ, ਬੋਲੀਕਾਰਾਂ ਦਾ ਉਚਿਤ ਅਤੇ ਸਮਤਾਪੂਰਨ ਵਿਵਹਾਰ, ਅਮਲ ਵਿੱਚ ਚੰਗੇ ਸ਼ਾਸਨ ਸਬੰਧੀ ਜਨਤਕ ਵਿਸ਼ਵਾਸ ਨਾਲ ਸਮੇਂ ਸਿਰ ਨਿਸਤਾਰਾ ਯਕੀਨੀ ਬਣਾਉਣ ਲਈ ਜਨਤਕ ਹਸਤੀਆਂ ਦੁਆਰਾ ਉਪਾਪਨ ਲਈ ਜ਼ਾਬਤਿਆਂ ਲਈ ਕਾਨੂੰਨੀ ਬੁਨਿਆਦਾਂ ਸਥਾਪਤ ਕਰਨ ਲਈ ਅਤੇ ਇਸ ਨਾਲ ਜੁੜੇ ਜਾਂ ਇਸ ਨਾਲ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

### ਅਧਿਆਏ I

### ਪ੍ਰਾਰੰਭਕ

1. (1) ਇਸ ਐਕਟ ਨੂੰ ਪੰਜਾਬ ਜਨਤਕ ਉਪਾਪਨ ਵਿੱਚ ਪਾਰਦਰਸ਼ਤਾ ਐਕਟ, 2019 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਥਾਰ ਅਤੇ ਅਰੰਭ।

(2) ਇਸ ਦਾ ਵਿਸਥਾਰ ਸਾਰੇ ਪੰਜਾਬ ਰਾਜ 'ਤੇ ਹੋਵੇਗਾ।

(3) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,– ਪਰਿਭਾਸ਼ਾਵਾਂ।

(ੳ) "ਬੋਲੀ" ਦਾ ਮਤਲਬ ਹੈ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਦਿੱਤੇ ਸੱਦੇ ਦੇ ਅਨੁਸਰਣ ਵਿੱਚ ਕੀਤੀ ਗਈ ਰਸਮੀ ਪੇਸ਼ਕਸ਼ ਅਤੇ ਇਸ ਵਿੱਚ ਕੋਈ ਟੈਂਡਰ, ਤਜਵੀਜ਼ ਜਾਂ ਕੋਟੇਸ਼ਨ ਸ਼ਾਮਲ ਹੈ;

(ਅ) "ਬੋਲੀਕਾਰ" ਦਾ ਮਤਲਬ ਹੈ ਕੋਈ ਵਿਅਕਤੀ, ਕੰਪਨੀ, ਏਜੰਸੀ, ਸੰਸਥਾ ਆਦਿ ਜੋ ਮਾਲ, ਕੰਮਾਂ ਜਾਂ ਸੇਵਾਵਾਂ ਦੇ ਉਪਾਪਨ ਲਈ ਇੱਕ ਉਪਾਪਨ ਕਰਨ ਵਾਲੀ ਹਸਤੀ ਦੇ ਉਪਾਪਨ ਅਮਲ ਵਿੱਚ ਭਾਗ ਲੈਂਦਾ ਹੈ;

(ੲ) "ਬੋਲੀਕਾਰ ਦੇ ਰਜਿਸਟਰੀਕਰਨ ਦਸਤਾਵੇਜ਼" ਦਾ ਮਤਲਬ ਹੈ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਜਾਰੀ ਕੀਤੇ ਗਏ ਦਸਤਾਵੇਜ਼, ਜਿਸ ਵਿੱਚ ਉਨ੍ਹਾਂ ਦੀਆਂ ਸੋਧਾਂ ਵੀ ਸ਼ਾਮਲ ਹਨ, ਜੋ ਰਜਿਸਟਰੀਕਰਨ ਅਮਲ ਦੇ ਨਿਬੰਧਨ ਅਤੇ ਸ਼ਰਤਾਂ ਦੱਸਦੀ ਹੈ ਅਤੇ ਇਸ ਵਿੱਚ ਰਜਿਸਟਰ ਕਰਨ ਦਾ ਸੱਦਾ ਸ਼ਾਮਲ ਹੈ;

(ਸ) "ਬੋਲੀ ਦਸਤਾਵੇਜ਼" ਦਾ ਮਤਲਬ ਹੈ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਜਾਰੀ ਕੀਤੇ ਗਏ ਦਸਤਾਵੇਜ਼, ਜਿਸ ਵਿੱਚ ਉਨ੍ਹਾਂ ਦੀਆਂ ਸੋਧਾਂ ਵੀ ਸ਼ਾਮਲ ਹਨ, ਜੋ ਵਿਸ਼ੇਸ਼ ਉਪਾਪਨ ਦੇ ਨਿਬੰਧਨ ਅਤੇ ਸ਼ਰਤਾਂ ਦੱਸਦੀ ਹੈ ਅਤੇ ਇਸ ਵਿੱਚ ਬੋਲੀ ਲਗਾਉਣ ਦਾ ਸੱਦਾ ਸ਼ਾਮਲ ਹੈ;

(ਹ) "ਬੋਲੀ ਸਕਿਉਰਿਟੀ" ਦਾ ਮਤਲਬ ਹੈ ਬੋਲੀ ਦਸਤਾਵੇਜ਼ਾਂ ਦੇ ਉਪਬੰਧਾਂ ਦੇ ਨਿਬੰਧਨਾਂ ਦੇ ਅਨੁਸਾਰ ਕਿਸੇ ਵੀ ਬਾਂਧ ਦੀ ਪੂਰਤੀ ਨੂੰ ਸੁਨਿਸ਼ਚਿਤ ਕਰਨ ਲਈ ਬੋਲੀਕਾਰ ਦੁਆਰਾ ਉਪਾਪਨ ਕਰਨ ਵਾਲੀ ਹਸਤੀ ਨੂੰ ਮੁਹੱਈਆ ਕਰਵਾਈ ਗਈ ਸਕਿਉਰਿਟੀ;

(ਕ) "ਈ-ਉਪਾਪਨ" ਦਾ ਮਤਲਬ ਹੈ ਇਲੈਕਟ੍ਰੋਨਿਕ ਅਮਲ ਜਿਸ ਵਿੱਚ ਭੌਤਿਕ ਟੈਂਡਰਿੰਗ ਸਰਗਰਮੀ ਇੰਟਰਨੈੱਟ ਅਤੇ ਸਹਿਯੁਕਤ ਤਕਨਾਲੋਜੀਆਂ ਦੀ ਵਰਤੋਂ ਕਰਕੇ ਸਿਰੇ ਚਾੜ੍ਹੀ ਜਾਂਦੀ ਹੈ;

(ਖ) "ਮਾਲ" ਵਿੱਚ ਸਾਰੀਆਂ ਵਸਤਾਂ, ਪਦਾਰਥ, ਚੀਜ਼ਾਂ, ਬਿਜਲੀ, ਪਸ਼ੂ-ਧਨ, ਫਰਨੀਚਰ, ਜੜਤ, ਕੱਚਾ ਪਦਾਰਥ, ਸਪੇਅਰਸ, ਔਜ਼ਾਰ, ਸਾਫ਼ਟਵੇਅਰ, ਮਸ਼ੀਨਰੀ, ਸਾਜ਼-ਸਮਾਨ, ਉਦਯੋਗਿਕ ਪਲਾਂਟ, ਵਾਹਨ, ਹਵਾਈ ਜਹਾਜ਼, ਸਮੰਦਰੀ ਜਹਾਜ਼, ਰੇਲਵੇ ਰੋਲਿੰਗ, ਸਟਾਕ ਅਤੇ ਹੋਰ ਸ੍ਰੇਣੀ ਦਾ ਮਾਲ ਭਾਵੇਂ ਠੋਸ, ਤਰਲ, ਗੈਸਦਾਰ ਜਾਂ ਅਮੂਰਤ ਰੂਪ ਵਿੱਚ ਹੋਣ, ਜੋ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਖਰੀਦਿਆ ਜਾਂ ਹੋਰ ਤਰ੍ਹਾਂ ਅਰਜਤ ਕੀਤਾ ਗਿਆ ਹੈ ਅਤੇ ਨਾਲ ਹੀ ਮਾਲ ਦੀ ਪੂਰਤੀ ਨਾਲ ਅਨੁਸੰਗਕ ਸੇਵਾਵਾਂ ਜਾਂ ਕੰਮ, ਸ਼ਾਮਲ ਹਨ ਜੇ ਉਹਨਾਂ ਸੇਵਾਵਾਂ ਜਾਂ ਕੰਮਾਂ ਜਾਂ ਦੋਹਾਂ ਦਾ ਮੁੱਲ ਖੁਦ ਮਾਲ ਦੇ ਮੁੱਲ ਤੋਂ ਵੱਧ ਨਾ ਹੋਵੇ;

(ਗ) "ਬੋਲੀ ਲਈ ਸੱਦਾ" ਦਾ ਮਤਲਬ ਹੈ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਪ੍ਰਕਾਸ਼ਤ ਇੱਕ ਦਸਤਾਵੇਜ਼ ਜਿਸ ਰਾਹੀਂ ਉਪਾਪਨ ਦੇ ਵਿਸ਼ਾ-ਵਸਤੂ ਨਾਲ ਸਬੰਧਤ ਬੋਲੀਆਂ ਮੰਗੀਆਂ ਜਾਂਦੀਆਂ ਹਨ ਅਤੇ ਉਸ ਦੀ ਕੋਈ ਸੋਧ ਅਤੇ ਇਸ ਵਿੱਚ ਟੈਂਡਰ ਅਤੇ ਤਜਵੀਜ਼ ਲਈ ਬੇਨਤੀ ਦੀ ਮੰਗ ਕਰਨ ਵਾਲਾ ਨੋਟਿਸ ਸ਼ਾਮਲ ਹੈ;

(ਘ) "ਪੂਰਵ-ਕਾਬਲੀਅਤ" ਦਾ ਮਤਲਬ ਹੈ ਬੋਲੀਆਂ ਲਈ ਸੱਦਾ ਦੇਣ ਤੋਂ ਪਹਿਲਾਂ, ਕਾਬਲ ਬੋਲੀਕਾਰਾਂ ਦੀ ਪਛਾਣ ਲਈ ਜ਼ਾਬਤਾ ਦੱਸਣਾ;

(ਙ) "ਪੂਰਵ-ਕਾਬਲੀਅਤ ਦਸਤਾਵੇਜ਼" ਦਾ ਮਤਲਬ ਹੈ ਉਪਾਪਨ ਹਸਤੀ ਦੁਆਰਾ ਜਾਰੀ ਕੀਤੇ ਗਏ ਦਸਤਾਵੇਜ਼ ਜਿਸ ਵਿੱਚ ਉਨ੍ਹਾਂ ਦੀਆਂ ਸੋਧਾਂ ਵੀ ਸ਼ਾਮਲ ਹਨ, ਜੋ ਪੂਰਵ-ਕਾਬਲੀਅਤ ਕਾਰਵਾਈਆਂ ਦੇ ਨਿਬੰਧਨ ਅਤੇ ਸ਼ਰਤਾਂ ਬਾਰੇ ਦੱਸਦਾ ਹੈ ਅਤੇ ਇਸ ਵਿੱਚ ਪੂਰਵ ਕਾਬਲ ਹੋਣ ਲਈ ਸੱਦਾ ਵੀ ਸ਼ਾਮਲ ਹਨ;

(ਚ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਛ) "ਉਪਾਪਨ" ਜਾਂ "ਜਨਤਕ ਉਪਾਪਨ" ਦਾ ਮਤਲਬ ਹੈ ਖਰੀਦ, ਪੱਟਾ, ਲਸੰਸ ਦੁਆਰਾ ਜਾਂ ਹੋਰ ਤਰ੍ਹਾਂ ਮਾਲ, ਸੇਵਾਵਾਂ ਜਾਂ ਕੰਮਾਂ ਦਾ ਅਰਜਨ, ਜਿਸ ਵਿੱਚ ਇੱਕ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਭਾਵੇਂ ਸਿੱਧੇ ਤੌਰ ਤੇ ਜਾਂ ਇੱਕ ਏਜੰਸੀ ਰਾਹੀਂ ਜਿਸ ਨਾਲ ਉਪਾਪਨ ਸੇਵਾਵਾਂ ਲਈ ਮੁਆਇਦਾ ਕੀਤਾ ਗਿਆ ਹੈ, ਦਿੱਤਾ ਗਿਆ ਜਨਤਕ ਪ੍ਰਾਈਵੇਟ ਭਾਈਵਾਲੀ ਪ੍ਰੋਜੈਕਟ ਸ਼ਾਮਲ ਹੈ, ਪ੍ਰੰਤੂ ਇਸ ਵਿੱਚ ਪ੍ਰਤੀਫ਼ਲ ਤੋਂ ਬਿਨ੍ਹਾਂ ਕੋਈ ਅਰਜਨ ਸ਼ਾਮਲ ਨਹੀਂ ਹੈ ਅਤੇ "ਉਪਾਪਤ" ਜਾਂ "ਉਪਾਪਤ ਕੀਤਾ" ਦਾ ਅਰਥ ਉਸੇ ਅਨੁਸਾਰ ਸਮਝਿਆ ਜਾਵੇਗਾ;

(ਜ) "ਉਪਾਪਨ ਮੁਆਇਦੇ" ਦਾ ਮਤਲਬ ਹੈ ਉਪਾਪਨ ਦੇ ਵਿਸ਼ੇ ਵਸਤੂ ਸਬੰਧੀ ਉਪਾਪਨ ਕਰਨ ਵਾਲੀ ਹਸਤੀ ਅਤੇ ਸਫ਼ਲ ਬੋਲੀਕਾਰ ਵਿਚਕਾਰ ਕੀਤਾ ਗਿਆ ਮੁਆਇਦਾ;

(ਝ) "ਉਪਾਪਨ ਅਮਲ" ਦਾ ਮਤਲਬ ਹੈ ਉਪਾਪਨ ਦਾ ਅਮਲ ਜੋ ਪੂਰਵ ਕਾਬਲ ਹੋਣ ਜਾਂ ਰਜਿਸਟਰ ਕਰਨ ਜਾਂ ਬੋਲੀ ਲਗਾਉਣ ਲਈ ਸੱਦਾ ਜਾਰੀ ਹੋਣ ਤੋਂ ਲੈ ਕੇ ਉਪਾਪਨ ਮੁਆਇਦੇ ਦਾ ਐਵਾਰਡ ਦੇਣ ਜਾਂ ਉਪਾਪਨ ਅਮਲ ਦੇ ਮਨਸੂਖ ਹੋਣ ਤੱਕ ਫੈਲਿਆ ਹੁੰਦਾ ਹੈ, ਜਿਹੀ ਕਿ ਸੂਰਤ ਹੋਵੇ;

(ਞ) "ਉਪਾਪਨ ਕਰਨ ਵਾਲੀ ਹਸਤੀ" ਦਾ ਮਤਲਬ ਹੈ ਧਾਰਾ 3 ਦੀ ਉਪ-ਧਾਰਾ (2) ਵਿੱਚ ਹਵਾਲਾ ਦਿੱਤੀ ਇੱਕ ਹਸਤੀ;

(ਟ) "ਜਨਤਕ ਪ੍ਰਾਈਵੇਟ ਭਾਈਵਾਲੀ" ਦਾ ਮਤਲਬ ਹੈ ਪ੍ਰਾਈਵੇਟ ਖੇਤਰ ਹਸਤੀ ਦੁਆਰਾ ਸਮੇਂ ਦੀ ਇੱਕ ਉਲਿਖਤ ਮੁੱਦਤ ਲਈ, ਕੀਤੇ ਨਿਵੇਸ਼ ਜਾਂ ਕੀਤੇ ਪ੍ਰਬੰਧਨ, ਜਾਂ ਕੀਤੇ ਨਿਵੇਸ਼ ਅਤੇ ਕੀਤੇ ਪ੍ਰਬੰਧਨ ਦੋਵਾਂ ਰਾਹੀਂ, ਜਨਤਕ ਧਨ-ਧਾਮ ਜਾਂ ਜਨਤਕ ਸੇਵਾਵਾਂ ਜਾਂ ਦੋਵਾਂ ਦੇ ਪ੍ਰਬੰਧਤ ਲਈ ਇੱਕ ਪਾਸੇ ਉਪਾਪਨ ਕਰਨ ਵਾਲੀ ਹਸਤੀ ਅਤੇ ਦੂਜੇ ਪਾਸੇ ਪ੍ਰਾਈਵੇਟ ਖੇਤਰ ਹਸਤੀ ਵਿਚਕਾਰ ਕੀਤੀ ਇੱਕ ਵਿਵਸਥਾ, ਜਿੱਥੇ ਪ੍ਰਾਈਵੇਟ ਖੇਤਰ ਅਤੇ ਉਪਾਪਨ ਕਰਨ ਵਾਲੀ ਹਸਤੀ ਵਿਚਕਾਰ ਜੋਖਮ ਦਾ ਟਿੱਕਣ ਚੰਗੀ ਤਰ੍ਹਾਂ ਪਰਿਭਾਸ਼ਤ ਹੈ ਅਤੇ ਪ੍ਰਾਈਵੇਟ ਹਸਤੀ, ਉਪਾਪਨ ਕਰਨ ਵਾਲੀ ਹਸਤੀ ਜਾਂ ਇਸ ਦੇ ਪ੍ਰਤੀਨਿਧ ਦੁਆਰਾ ਮਾਪਣਯੋਗ ਪ੍ਰਦਰਸ਼ਨ ਨਾਲ ਜੁੜੀਆਂ ਅਦਾਇਗੀਆਂ ਪ੍ਰਾਪਤ ਕਰਦੀ ਹੈ ਜੋ ਉਲਿਖਤ ਅਤੇ

ਪੂਰਵ-ਨਿਰਧਾਰਤ ਪ੍ਰਦਰਸ਼ਨ ਮਿਆਰਾਂ (ਜਾਂ ਬੈਂਚ ਮਾਰਕ ਕੀਤੇ) ਦੇ ਅਨੁਰੂਪ ਹਨ;

(ਠ) "ਦਰ ਮੁਆਇਦਾ" ਦਾ ਮਤਲਬ ਹੈ ਇੱਕ ਉਪਾਪਨ ਕਰਨ ਵਾਲੀ ਹਸਤੀ ਅਤੇ ਇੱਕ ਜਾਂ ਇੱਕ ਤੋਂ ਜ਼ਿਆਦਾ ਬੋਲੀਕਾਰਾਂ ਵਿਚਕਾਰ ਇੱਕ ਇਕਰਾਰਨਾਮਾ ਜਿਹੜਾ ਆਵਰਤਕ ਆਧਾਰ ਤੇ ਲੋੜੀਂਦੇ ਉਪਾਪਨ ਦੇ ਵਿਸ਼ਾ-ਵਸਤੂ ਦੀ ਸਪਲਾਈ ਲਈ ਨਿਬੰਧਨ ਅਤੇ ਸ਼ਰਤਾਂ ਉਲਿਖਤ ਕਰਦਾ ਹੈ ਜਿਸ ਵਿੱਚ ਕੀਮਤ ਵੀ ਸ਼ਾਮਲ ਹੈ;

(ਡ) "ਰਜਿਸਟਰਸ਼ੁਦਾ ਬੋਲੀਕਾਰ" ਦਾ ਮਤਲਬ ਹੈ ਕੋਈ ਵੀ ਬੋਲੀਕਾਰ ਜੋ ਧਾਰਾ 18 ਅਧੀਨ ਕਾਇਮ ਰੱਖੀ ਗਈ ਉਪਾਪਨ ਕਰਨ ਵਾਲੀ ਹਸਤੀ ਦੇ ਰਜਿਸਟਰਸ਼ੁਦਾ ਬੋਲੀਕਾਰਾਂ ਦੀ ਸੂਚੀ ਵਿੱਚ ਹੈ;

(ਢ) "ਸੇਵਾਵਾਂ" ਦਾ ਮਤਲਬ ਹੈ ਮਾਲ ਜਾਂ ਕੰਮਾਂ ਤੋਂ ਬਿਨਾਂ ਉਪਾਪਨ ਦਾ ਕੋਈ ਵਿਸ਼ਾ-ਵਸਤੂ ਅਤੇ ਇਸ ਵਿੱਚ ਸਰੀਰਕ, ਰੱਖ-ਰਖਾਅ, ਪੇਸ਼ਾਵਰਾਨਾ, ਬੌਧਿਕ, ਮਸ਼ਵਰਾ ਅਤੇ ਸਲਾਹਕਾਰੀ ਸੇਵਾਵਾਂ ਜਾਂ ਉਪਾਪਨ ਹਸਤੀ ਦੁਆਰਾ ਵਰਗੀਕ੍ਰਿਤ ਜਾਂ ਘੋਸ਼ਿਤ ਕੀਤੀ ਗਈ ਕੋਈ ਵੀ ਸੇਵਾ ਸ਼ਾਮਲ ਹੈ ਅਤੇ ਇਸ ਵਿੱਚ ਕਿਸੇ ਵੀ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਕਿਸੇ ਵੀ ਵਿਅਕਤੀ ਦੀ ਕੀਤੀ ਗਈ ਨਿਯੁਕਤੀ ਸ਼ਾਮਲ ਨਹੀਂ ਹੈ;

(ਣ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਵਿੱਤ ਵਿਭਾਗ;

(ਤ) "ਉਪਾਪਨ ਦਾ ਵਿਸ਼ਾ-ਵਸਤੂ" ਦਾ ਮਤਲਬ ਹੈ ਕੋਈ ਉਪਾਪਨ ਦੀ ਕੋਈ ਮੱਦ ਭਾਵੇਂ ਮਾਲ, ਸੇਵਾਵਾਂ ਜਾਂ ਕੰਮਾਂ ਦੇ ਰੂਪ ਵਿੱਚ ਹੋਵੇ; ਅਤੇ

(ਥ) "ਸਵਿਸ ਚੁਣੌਤੀ" ਦਾ ਮਤਲਬ ਹੈ ਉਪਾਪਨ ਦਾ ਇੱਕ ਤਰੀਕਾ ਜਿਸ ਵਿੱਚ ਇੱਕ ਪ੍ਰੋਜੈਕਟ ਲਈ ਗੈਰ-ਜਾਂਚਕ ਤਜਵੀਜ਼ ਪ੍ਰਾਪਤ ਹੁੰਦੀ ਹੈ ਜਿਸ ਵਿੱਚ ਮੁੱਖ ਤੌਰ ਤੇ ਉਸ ਪ੍ਰੋਜੈਕਟ ਲਈ ਡਿਜ਼ਾਈਨ/ਤਕਨਾਲੋਜੀ/ਬੌਧਿਕ ਸੰਪੱਤੀ ਦੀ ਵਿਲੱਖਣਤਾ ਅਤੇ ਵਿਸ਼ੇਸ਼ਤਾ ਪਲਿੱਚਣ ਹਨ ਅਤੇ ਤੀਜੀਆਂ ਧਿਰਾਂ ਨੂੰ ਖੁੱਲ੍ਹੀ ਬੋਲੀ ਰਾਹੀਂ ਅਸਲ ਤਜਵੀਜ਼ ਨੂੰ ਚੁਣੌਤੀ ਦੇਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਅਤੇ ਫਿਰ ਮੂਲ ਪ੍ਰਸਤਾਵਨ ਨੂੰ ਸਭ ਤੋਂ ਵੱਧ ਲਾਭਦਾਇਕ/ਸਭ ਤੋਂ ਵੱਧ ਪ੍ਰਤੀਯੋਗੀ ਪੇਸ਼ਕਸ਼ ਦਾ ਜਵਾਬੀ-ਮੇਲਾਨ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ; ਅਤੇ

(ਦ) "ਕੰਮਾਂ" ਦਾ ਮਤਲਬ ਹੈ ਰੇਲਵੇ, ਸੜਕਾਂ, ਰਾਜਮਾਰਗਾਂ ਜਾਂ ਇੱਕ ਇਮਾਰਤ, ਇੱਕ ਆਧਾਰਕ ਬਣਤਰ, ਜਾਂ ਢਾਂਚਾ ਜਾਂ ਇੱਕ ਸੰਸਥਾਪਨਾ ਦੀ ਉਸਾਰੀ, ਮੁੜ-ਉਸਾਰੀ, ਜਗ੍ਹਾ ਤਿਆਰੀ, ਢਹਿਣ, ਸੰਵਾਰਨ, ਸਾਂਭ-ਸੰਭਾਲ ਜਾਂ ਮੁਰੰਮਤ ਨਾਲ ਸਹਿਯੁਕਤ ਸਾਰੇ ਕੰਮ ਜਾਂ ਖੁਦਾਈ, ਵਰਸਾਉਣ, ਔਜ਼ਾਰ ਅਤੇ ਸਮੱਗਰੀ ਲਾਉਣ ਨਾਲ ਸਬੰਧਤ ਕੋਈ ਉਸਾਰੀ ਕੰਮ, ਨਾਲ ਹੀ ਕੰਮਾਂ ਨਾਲ ਅਨੁਸੰਗਕ ਸੇਵਾਵਾਂ, ਜੇਕਰ ਉਨ੍ਹਾਂ ਸੇਵਾਵਾਂ ਦਾ ਮੁੱਲ ਖੁਦ ਕੰਮਾਂ ਤੋਂ ਵੱਧ ਨਹੀਂ ਹੈ।

3. (1) ਇਹ ਐਕਟ ਉਨ੍ਹਾਂ ਸਾਰੀਆਂ ਉਪਾਪਨਾਵਾਂ 'ਤੇ ਲਾਗੂ ਹੋਵੇਗਾ ਜਿਨ੍ਹਾਂ ਦੀ ਪੂਰਤੀ ਸਰਕਾਰੀ ਲੇਖਿਆਂ ਤੋਂ ਹੁੰਦੀ ਹੈ ਜਿਸ ਵਿੱਚ ਰਾਜ ਦਾ ਸੰਚਿਤ ਫ਼ੰਡ, ਜਨਤਕ ਲੇਖੇ ਅਤੇ ਰਾਜ ਦੇ ਅਚੇਤ ਫ਼ੰਡ ਸ਼ਾਮਲ ਹਨ। ਲਾਗੂ ਹੋਣਾ।

(2) ਇਸ ਐਕਟ ਦੇ ਪ੍ਰਯੋਜਨਾਂ ਲਈ, ਉਪਾਪਨ ਕਰਨ ਵਾਲੀ ਹਸਤੀ ਦਾ ਮਤਲਬ ਹੈ,-

(ੳ) ਪੰਜਾਬ ਸਰਕਾਰ ਦਾ ਕੋਈ ਵਿਭਾਗ ਜਾਂ ਇਸ ਨਾਲ ਸਬੰਧਤ ਜਾਂ ਮਾਤਹਿਤ ਦਫ਼ਤਰ;

(ਅ) ਪੰਜਾਬ ਸਰਕਾਰ ਦੀ ਮਲਕੀਅਤ ਜਾਂ ਕੰਟਰੋਲ ਵਾਲਾ ਕੋਈ ਵੀ ਜਨਤਕ ਖੇਤਰ ਦਾ ਉਪਕ੍ਰਮ;

(ੲ) ਭਾਰਤੀ ਸੰਵਿਧਾਨ ਜਾਂ ਸੰਸਦ ਦੇ ਐਕਟ ਦੁਆਰਾ ਸਥਾਪਤ ਜਾਂ ਗਠਤ ਕੀਤੀ ਕੋਈ ਹਸਤੀ ਜਿਸ ਦੇ ਖਰਚੇ ਦੀ ਪੂਰਤੀ ਰਾਜ ਸਰਕਾਰ ਦੇ ਸੰਚਿਤ ਫ਼ੰਡ ਤੋਂ ਕੀਤੀ ਜਾਂਦੀ ਹੈ;

(ਸ) ਰਾਜ ਵਿਧਾਨ ਮੰਡਲ ਦੇ ਇੱਕ ਐਕਟ ਦੁਆਰਾ ਸਥਾਪਤ ਜਾਂ ਗਠਤ ਕੋਈ ਹਸਤੀ ਜਾਂ ਬੋਰਡ ਜਾਂ ਨਿਗਮ ਜਾਂ ਅਥਾਰਟੀ ਜਾਂ ਸੋਸਾਇਟੀ ਜਾਂ ਟਰੱਸਟ ਜਾਂ ਕਮਿਸ਼ਨ ਜਾਂ ਖੁਦਮੁਖ਼ਤਿਆਰ ਬੌਡੀ (ਭਾਵੇਂ ਉਸ ਦਾ ਕੋਈ ਨਾਂ ਲਿਆ ਜਾਂਦਾ ਹੋਵੇ);

(ਹ) ਕੋਈ ਹਸਤੀ ਜੋ ਰਾਜ ਦੇ ਸੰਚਿਤ ਫ਼ੰਡ ਵਿੱਚੋਂ ਗ੍ਰਾਂਟ ਜਾਂ ਵਿੱਤੀ ਸਹਾਇਤਾ ਪ੍ਰਾਪਤ ਕਰਦੀ ਹੈ ਜਾਂ ਰਾਜ ਸਰਕਾਰ ਦੁਆਰਾ ਅਜਿਹਾ ਕਰਨ ਲਈ ਅਧਿਕਾਰਤ ਕੀਤੇ ਜਾਣ ਤੋਂ ਪਿੱਛੋਂ ਲੋਕਾਂ ਤੋਂ ਇਕੱਠੀ ਕੀਤੀ ਗਈ ਉਗਰਾਹੀ/ ਉਪਭੋਗਤਾ ਖਰਚੇ/ਫ਼ੀਸਾਂ ਆਦਿ ਰੱਖਦੀ ਹੈ ਅਤੇ ਪੰਜਾਬ ਸਰਕਾਰ ਦੁਆਰਾ ਮਲਕੀਅਤ ਜਾਂ ਨਿਯੰਤਰਿਤ ਜਾਂ ਪ੍ਰਬੰਧਤ ਹੈ;

(ਕ) ਕੋਈ ਹੋਰ ਹਸਤੀ ਜਿਸ ਨੂੰ ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨ ਲਈ ਇੱਕ ਉਪਾਪਨ ਹਸਤੀ ਵਜੋਂ ਉਲਿਖਤ ਕਰ ਸਕਦੀ ਹੈ, ਇੱਕ ਅਜਿਹੀ ਹਸਤੀ ਹੋਣ ਦੇ ਨਾਤੇ ਜੋ ਰਾਜ ਸਰਕਾਰ ਤੋਂ ਸਾਰਵਾਨ ਵਿੱਤੀ ਸਹਾਇਤਾ ਪ੍ਰਾਪਤ ਕਰਦੀ ਹੈ ਜਿੱਥੋਂ ਤੱਕ ਅਜਿਹੀ ਸਹਾਇਤਾ ਦੀ ਵਰਤੋਂ ਉਪਾਪਨ ਲਈ ਸਬੰਧਤ ਹੋਵੇ;

(ਖ) ਉਪਰੋਕਤ ਖੰਡ (ੳ) ਤੋਂ (ਕ) ਵਿੱਚ ਉਲਿਖਤ ਉਪਾਪਨ ਕਰਨ ਵਾਲੀਆਂ ਹਸਤੀਆਂ ਦੇ ਨਮਿੱਤ ਉਪਾਪਨ ਵਿੱਚ

ਪਲਚਿਤ ਕੋਈ ਉਪਾਪਨ ਸਮਰਥਨ ਏਜੰਸੀ ਜਾਂ ਉਪਾਪਨ ਏਜੰਟ ਜਾਂ ਉਪਾਪਨ ਸਲਾਹਕਾਰ।

(3) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧ,-

(ੳ) ਕੇਂਦਰੀ ਸਰਕਾਰ ਦੁਆਰਾ ਕਿਸੇ ਹੋਰ ਦੇਸ਼ ਜਾਂ ਇੱਕ ਅੰਤਰ-ਸਰਕਾਰੀ ਅੰਤਰ-ਰਾਸ਼ਟਰੀ ਵਿੱਤ ਸੰਸਥਾ ਨਾਲ ਕੀਤੇ; ਜਾਂ

(ਅ) ਜਿਸ ਵਿੱਚ ਪੰਜਾਬ ਸਰਕਾਰ ਇੱਕ ਜਾਂ ਵੱਧ ਸਰਕਾਰਾਂ ਜਾਂ ਕੇਂਦਰੀ ਸਰਕਾਰ ਨਾਲ ਇੱਕ ਧਿਰ ਹੈ,

ਪੰਜਾਬ ਸਰਕਾਰ ਦੀ ਕਿਸੇ ਇਕਰਾਰਨਾਮੇ ਅਧੀਨ ਜਾਂ ਉਸ ਤੋਂ ਪੈਦਾ ਹੋਣ ਵਾਲੀ ਕੋਈ ਬਾਂਧ ਦੇ ਤਾਬੇ ਇੱਕ ਉਪਾਪਨ ਕਰਨ ਵਾਲੀ ਹਸਤੀ 'ਤੇ ਲਾਗੂ ਨਹੀਂ ਹੋਣਗੇ, ਅਤੇ ਅਜਿਹੇ ਇਕਰਾਰਨਾਮੇ ਦੀਆਂ ਲੋੜਾਂ ਇਸ ਐਕਟ ਦੇ ਉਪਬੰਧਾਂ ਤੇ ਪ੍ਰਬਲ ਹੋਣਗੀਆਂ।

ਛੋਟਾਂ। 4. ਧਾਰਾਵਾਂ 5 ਅਤੇ 7 ਦੇ ਉਪਬੰਧਾਂ ਦੇ ਸੰਗਤ ਅਜਿਹੇ ਨਿਯਮਾਂ ਦੇ ਤਾਬੇ ਜੋ ਇਸ ਨਮਿੱਤ ਬਣਾਏ ਗਏ ਹੋਣ, ਅਧਿਆਏ II ਅਤੇ III ਦੇ ਉਪਬੰਧ ਹੇਠ-ਲਿਖਿਆਂ 'ਤੇ ਲਾਗੂ ਨਹੀਂ ਹੋਣਗੇ,-

(ੳ) ਕੋਈ ਉਪਾਪਨ, ਜਿਸ ਦੀ ਅਨੁਮਾਨਤ ਲਾਗਤ ਜਾਂ ਮੁੱਲ ਉਸ ਸੀਮਾ ਮੁੱਲ ਤੋਂ ਘੱਟ ਹੈ, ਜਿਵੇਂ ਕਿ ਰਾਜ ਸਰਕਾਰ, ਅਧਿਸੂਚਨਾ ਦੁਆਰਾ, ਉਪਾਪਨਾਵਾਂ ਜਾਂ ਉਪਾਪਨ ਕਰਨ ਵਾਲੀਆਂ ਹਸਤੀਆਂ ਦੇ ਵੱਖ-ਵੱਖ ਵਰਗਾਂ ਜਾਂ ਸ੍ਰੇਣੀਆਂ ਲਈ ਉਲਿਖਤ ਕਰੇ;

(ਅ) ਕਿਸੇ ਆਫ਼ਤ ਦੇ ਪ੍ਰਬੰਧਨ ਲਈ ਜ਼ਰੂਰੀ ਸੰਕਟ ਉਪਾਪਨ, ਜਿਵੇਂ ਕਿ ਆਫ਼ਤ ਪ੍ਰਬੰਧਨ ਐਕਟ, 2005 (2005 ਦਾ ਕੇਂਦਰੀ ਐਕਟ ਨੰ: 53) ਦੀ ਧਾਰਾ 2 ਦੇ ਖੰਡ (ਸ) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ;

(ੲ) ਅਸੈਂਬਲੀ ਅਤੇ ਸੰਸਦੀ ਚੋਣ ਦੀ ਅਤਿ-ਅਵੱਸ਼ਕਤਾ ਅਧੀਨ ਉਪਾਪਨ;

(ਸ) ਸੁਰੱਖਿਆ ਦੇ ਪ੍ਰਯੋਜਨਾਂ ਲਈ ਜਾਂ ਰਣਨੀਤਿਕ ਲਿਹਾਜ਼ ਕਾਰਨ ਉਪਾਪਨ ਜਿਵੇਂ ਰਾਜ ਸਰਕਾਰ, ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ, ਉਲਿਖਤ ਕਰੇ;

(ਹ) ਕਿਸੇ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਧਾਰਾ 3 ਦੀ ਉਪ-ਧਾਰਾ (2) ਦੇ ਖੰਡ (ਅ) ਤੋਂ ਖੰਡ (ਕ) ਦੇ ਅਧੀਨ ਆਪਣੀ ਸਹਾਇਕ ਕੰਪਨੀ ਜਾਂ ਸਾਂਝੀ ਉੱਦਮ ਕੰਪਨੀ ਤੋਂ ਉਪਾਪਨ ਜਿਸ ਵਿੱਚ ਅਜਿਹੀ ਉਪਾਪਨ ਕਰਨ ਵਾਲੀ ਹਸਤੀ ਦਾ ਪੰਜਾਹ ਪ੍ਰਤੀਸ਼ਤ ਤੋਂ ਵੱਧ ਹਿੱਸਾ ਹੈ; ਅਤੇ

(ਕ) ਕੋਈ ਹੋਰ ਉਪਾਪਨ, ਜਿਵੇਂ ਕਿ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇ।

## ਅਧਿਆਏ II

## ਜਨਤਕ ਉਪਾਪਨ ਦੇ ਆਮ ਸਿਧਾਂਤ

5. (1) ਜਨਤਕ ਉਪਾਪਨ ਦੇ ਸਬੰਧ ਵਿੱਚ, ਉਪਾਪਨ ਕਰਨ ਵਾਲੀ ਹਸਤੀ ਦੀ ਜ਼ਿੰਮੇਵਾਰੀ ਅਤੇ ਜਵਾਬਦੇਹੀ ਹੋਵੇਗੀ,- ਮੂਲਕ ਸਿਧਾਂਤ।

(ੳ) ਕਾਰਜ-ਕੁਸ਼ਲਤਾ, ਆਰਥਿਕਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣਾ;

(ਅ) ਬੋਲੀਕਾਰਾਂ ਨੂੰ ਸਮਤਾਪੂਰਨ ਅਤੇ ਇਨਸਾਫ਼ ਪੂਰਨ ਵਰਤਾਓ ਮੁਹੱਈਆ ਕਰਵਾਉਣਾ;

(ੲ) ਮੁਕਾਬਲੇ ਨੂੰ ਉਤਸ਼ਾਹਿਤ ਕਰਨਾ; ਅਤੇ

(ਸ) ਭ੍ਰਿਸ਼ਟ ਪ੍ਰਥਾਵਾਂ ਨੂੰ ਰੋਕਣ ਲਈ ਵਿਧੀਆਂ ਸਥਾਪਤ ਕਰਨਾ।

(2) ਧਾਰਾ 3 ਦੀ ਉਪ-ਧਾਰਾ (3) ਦੇ ਉਪਬੰਧ ਦੇ ਤਾਬੇ, ਹਰੇਕ ਉਪਾਪਨ ਕਰਨ ਵਾਲੀ ਹਸਤੀ ਆਪਣੀ ਉਪਾਪਨ ਇਸ ਐਕਟ ਦੇ ਉਪਬੰਧਾਂ ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਰਣ ਵਿੱਚ ਸਿਰੇ ਚਾੜ੍ਹੇਗੀ।

6. (1) ਉਪਾਪਨ ਕਰਨ ਵਾਲੀ ਹਸਤੀ ਆਪਣੀਆਂ ਉਪਾਪਨ ਕਾਰਵਾਈਆਂ ਦਾ ਰਿਕਾਰਡ ਕਾਇਮ ਰੱਖੇਗੀ, ਜਿਸ ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ, ਅਰਥਾਤ:- ਉਪਾਪਨ ਕਾਰਵਾਈਆਂ ਅਤੇ ਸੰਸੂਚਨਾਵਾਂ ਦਾ ਦਸਤਾਵੇਜੀ ਰਿਕਾਰਡ।

(ੳ) ਧਾਰਾ 8 ਅਧੀਨ ਉਪਾਪਨ ਦੀ ਜ਼ਰੂਰਤ ਦੇ ਨਿਰਧਾਰਣ ਨਾਲ ਸਬੰਧਤ ਦਸਤਾਵੇਜ਼;

(ਅ) ਧਾਰਾ 12 ਅਧੀਨ ਉਪਾਪਨ ਦੇ ਵਿਸ਼ੇ-ਵਸਤੂ ਦਾ ਵੇਰਵਾ;

(ੲ) ਖੁੱਲ੍ਹੀ ਪ੍ਰਤੀਯੋਗੀ ਬੋਲੀ ਤੋਂ ਇਲਾਵਾ ਕਿਸੇ ਹੋਰ ਉਪਾਪਨ ਤਰੀਕੇ ਦੀ ਚੋਣ ਦੇ ਕਾਰਨ ਦਾ ਬਿਆਨ;

(ਸ) ਭਾਗ ਲੈਣ ਵਾਲੇ ਬੋਲੀਕਾਰਾਂ ਦੇ ਵੇਰਵੇ;

(ਹ) ਸਪੱਸ਼ਟੀਕਰਨ ਲਈ ਬੇਨਤੀਆਂ ਅਤੇ ਉਨ੍ਹਾਂ ਦੇ ਕੋਈ ਜਵਾਬ, ਸਮੇਤ ਪੂਰਵ-ਬੋਲੀ ਕਾਨਫ਼ਰੰਸਾਂ ਦੌਰਾਨ;

(ਕ) ਬੋਲੀ ਦੀਆਂ ਕੀਮਤਾਂ ਅਤੇ ਹੋਰ ਵਿੱਤੀ ਨਿਬੰਧਨ;

(ਖ) ਬੋਲੀਆਂ ਦੇ ਮੁਲਾਂਕਣ ਦਾ ਸੰਖੇਪ ਰੂਪ;

(ਗ) ਧਾਰਾ 49 ਦੇ ਅਧੀਨ ਕਿਸੇ ਵੀ ਅਪੀਲ ਦੇ ਵੇਰਵੇ ਅਤੇ ਸਬੰਧਤ ਫ਼ੈਸਲੇ; ਅਤੇ

(ਘ) ਕੋਈ ਹੋਰ ਜਾਣਕਾਰੀ ਜਾਂ ਰਿਕਾਰਡ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਉਪਾਪਨ ਦੇ ਦੌਰਾਨ ਪੈਦਾ ਕੀਤਾ ਗਿਆ ਕੋਈ ਵੀ ਦਸਤਾਵੇਜ਼, ਅਧਿਸੂਚਨਾ, ਫ਼ੈਸਲਾ ਜਾਂ ਹੋਰ ਜਾਣਕਾਰੀ, ਜਿਸ ਵਿੱਚ ਧਾਰਾ 49 ਦੇ ਅਧੀਨ ਅਪੀਲਾਂ ਦੇ ਤੱਲਕ ਵਿੱਚ ਜਾਂ ਇੱਕ ਇਕੱਤਰਤਾ ਦੇ ਦੌਰਾਨ ਜਾਂ ਉਪਾਪਨ ਅਮਲ ਦੇ ਰਿਕਾਰਡ ਦਾ ਭਾਗ ਰੂਪ ਬਣਨਾ ਸ਼ਾਮਲ ਹੈ, ਉਹ ਅਜਿਹੇ ਰੂਪ ਵਿੱਚ ਹੋਵੇਗੀ ਜੋ ਜਾਣਕਾਰੀ ਦੇ ਅੰਤਰ ਵਸਤੂ ਦਾ ਰਿਕਾਰਡ ਮੁਹੱਈਆ ਕਰਵਾਉਂਦਾ ਹੈ ਅਤੇ ਬਾਅਦ ਦੇ ਹਵਾਲੇ ਲਈ ਵਰਤੋਂਯੋਗ ਹੋਣ ਲਈ ਪਹੁੰਚਯੋਗ ਹੈ।

(3) ਸੂਚਨਾ ਦਾ ਅਧਿਕਾਰ ਐਕਟ, 2005 (2005 ਦਾ ਕੇਂਦਰੀ ਐਕਟ ਨੰ: 22) ਜਾਂ ਰਿਕਾਰਡ ਰੱਖੀ ਰੱਖਣ ਨਾਲ ਸਬੰਧਤ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਦੇ ਤਾਬੇ, ਉਪਾਪਨ ਕਰਨ ਵਾਲੀ ਹਸਤੀ, ਆਡਿਟ ਜਾਂ ਅਜਿਹੀ ਹੋਰ ਨਜ਼ਰਸਾਨੀ ਨੂੰ ਸਮਰੱਥ ਬਣਾਉਣ ਲਈ, ਉਪਾਪਨ ਪ੍ਰਕਿਰਿਆ ਜਾਂ ਉਪਾਪਨ ਮੁਆਇਦੇ ਦੇ ਗੁਜ਼ਰਨ ਤੋਂ ਪਿੱਛੋਂ, ਜਿਹੀ ਕਿ ਸੂਰਤ ਹੋਵੇ, ਉਪ-ਧਾਰਾਵਾਂ (1) ਅਤੇ (2) ਵਿੱਚ ਦਰਸਾਏ ਗਏ ਦਸਤਾਵੇਜ਼ੀ ਰਿਕਾਰਡ ਨੂੰ ਅਜਿਹੀ ਮੁੱਦਤ ਲਈ ਰੱਖੇਗੀ, ਜਿਵੇਂ ਮੁਕੱਰਰ ਕੀਤਾ ਜਾਵੇ ਤਾਂ ਜੋ ਆਡਿਟ ਜਾਂ ਅਜਿਹੀ ਹੋਰ ਨਜ਼ਰਸਾਨੀ ਨੂੰ ਸਮਰੱਥ ਬਣਾਇਆ ਜਾ ਸਕੇ।

ਉਪਾਪਨ ਹਸਤੀ ਅਤੇ ਬੋਲੀ ਦੇਣ ਵਾਲੇ ਲਈ ਦਿਆਨਤਦਾਰੀ ਸੰਘਤਾ।

7. (1) ਉਪਾਪਨ ਅਮਲ ਵਿੱਚ ਭਾਗ ਲੈਣ ਵਾਲਾ ਉਪਾਪਨ ਕਰਨ ਵਾਲੀ ਹਸਤੀ ਦਾ ਕੋਈ ਵੀ ਅਧਿਕਾਰੀ ਜਾਂ ਕਰਮਚਾਰੀ ਜਾਂ ਵਿਅਕਤੀ ਹੁਣ ਤੱਕ ਉਲਿਖਤ ਕੀਤੇ ਗਏ ਦਿਆਨਤਕਾਰੀ ਸੰਘਤਾ ਦੀ ਉਲੰਘਣਾ ਨਹੀਂ ਕਰੇਗਾ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਦਿਆਨਤਦਾਰੀ ਦੀ ਸੰਘਤਾ ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ, ਅਰਥਾਤ:-

(ੳ) ਹੇਠ-ਲਿਖਿਆਂ,-

(i) ਉਪਾਪਨ ਅਮਲ ਵਿੱਚ ਅਣਉਚਿਤ ਫ਼ਾਇਦੇ ਦੇ ਬਦਲੇ ਜਾਂ ਉਪਾਪਨ ਅਮਲ ਜਾਂ ਦੂਜੀ ਧਿਰ ਦੀ ਕਾਰਵਾਈ ਨੂੰ ਪ੍ਰਭਾਵਤ ਕਰਨ ਲਈ, ਸਿੱਧੇ ਜਾਂ ਅਸਿੱਧੇ ਤੌਰ ਤੇ ਕਿਸੇ ਵੀ ਰਿਆਇਤ, ਰਿਸ਼ਵਤ, ਇਨਾਮ ਜਾਂ ਤੋਹਫ਼ੇ ਜਾਂ ਕਿਸੇ ਭੌਤਿਕ ਲਾਭ ਦੀ ਕੋਈ ਪੇਸ਼ਕਸ਼, ਜਾਂਚਨਾ ਜਾਂ ਸਵੀਕ੍ਰਿਤੀ;

(ii) ਕੋਈ ਵੀ ਉਕਾਈ, ਜਿਸ ਵਿੱਚ ਗਲਤ ਬਿਆਨੀ ਸ਼ਾਮਲ ਹੈ ਜੋ ਵਿੱਤੀ ਜਾਂ ਹੋਰ ਲਾਭ ਪ੍ਰਾਪਤ ਕਰਨ ਜਾਂ ਕਿਸੇ ਜ਼ਿੰਮੇਵਾਰੀ ਤੋਂ ਬਚਣ ਲਈ ਕੁਰਾਹੇ ਪਾਉਂਦੀ ਹੈ ਜਾਂ ਕੁਰਾਹੇ ਪਾਉਣ ਦੀ ਕੋਸ਼ਿਸ਼ ਕਰਦੀ ਹੈ;

(iii) ਉਪਾਪਨ ਅਮਲ ਦੀ ਪਾਰਦਰਸ਼ਤਾ, ਨਿਰਪੱਖਤਾ ਅਤੇ ਪ੍ਰਗਤੀ ਨੂੰ ਜੁਹਫ਼ ਪਹੁੰਚਾਉਣ ਲਈ ਗਠਜੋੜ, ਬੋਲੀ ਵਿੱਚ ਹੇਰਾਫੇਰੀ ਜਾਂ ਪ੍ਰਤੀਯੋਗੀ ਵਿਰੋਧ ਵਿਵਹਾਰ;

(iv) ਉਪਾਪਨ ਅਮਲ ਵਿੱਚ ਜਾਂ ਨਿੱਜੀ ਉਪਲੱਬਧੀ ਲਈ ਅਣਉਚਿਤ ਫ਼ਾਇਦਾ ਪ੍ਰਾਪਤ ਕਰਨ ਦੇ ਇਰਾਦੇ ਨਾਲ ਉਪਾਪਨ ਕਰਨ ਵਾਲੀ ਹਸਤੀ ਅਤੇ ਬੋਲੀਕਾਰਾਂ ਵਿਚਕਾਰ ਸਾਂਝਾ ਕੀਤੀ ਜਾਣਕਾਰੀ ਦੀ ਅਣਉਚਿਤ ਵਰਤੋਂ;

(v) ਬੋਲੀਕਾਰ ਅਤੇ ਉਪਾਪਨ ਕਰਨ ਵਾਲੀ ਹਸਤੀ ਦੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਵਿਚਕਾਰ ਕੋਈ ਵੀ ਵਿੱਤੀ ਜਾਂ ਵਪਾਰਕ ਲੈਣ-ਦੇਣ;

(vi) ਉਪਾਪਨ ਅਮਲ ਨੂੰ ਪ੍ਰਭਾਵਿਤ ਕਰਨ ਲਈ ਕਿਸੇ ਵੀ ਧਿਰ ਜਾਂ ਉਸ ਦੀ ਸੰਪੱਤੀ ਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਜ਼ਬਰਦਸਤੀ ਜਿਸ ਵਿੱਚ ਜੁਹਫ਼ ਪਹੁੰਚਾਉਣਾ ਜਾਂ ਨੁਕਸਾਨ ਪਹੁੰਚਾਉਣਾ ਜਾਂ ਉਸ ਤਰ੍ਹਾਂ ਕਰਨ ਦੀ ਧਮਕੀ ਸ਼ਾਮਲ ਹੈ; ਅਤੇ

(vii) ਉਪਾਪਨ ਅਮਲ ਦੀ ਕਿਸੇ ਵੀ ਤਫ਼ਤੀਸ਼ ਜਾਂ ਆਡਿਟ ਵਿੱਚ ਕੋਈ ਰੁਕਾਵਟ;

ਦੀ ਮਨਾਹੀ ਹੋਵੇਗੀ;

(ਅ) ਹਿੱਤ ਦੇ ਟਕਰਾਅ ਦਾ ਸਮੇਂ ਸਿਰ ਪ੍ਰਗਟਾਵਾ; ਅਤੇ

(ੲ) ਬੋਲੀਕਾਰ ਦੁਆਰਾ ਪਿਛਲੇ ਤਿੰਨ ਸਾਲਾਂ ਦੌਰਾਨ ਭਾਰਤ ਜਾਂ ਕਿਸੇ ਹੋਰ ਦੇਸ਼ ਵਿੱਚ ਕਿਸੇ ਵੀ ਹਸਤੀ ਨਾਲ ਕੋਈ ਵੀ ਪਿਛਲੀਆਂ ਖਿਲਾਫ਼ਵਰਜ਼ੀਆਂ ਜਾਂ ਕਿਸੇ ਹੋਰ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਕਿਸੇ ਵੀ ਵਰਜਣ ਦਾ ਸਮੇਂ ਸਿਰ ਪ੍ਰਗਟਾਵਾ।

(3) ਅਧਿਆਏ XII ਦੇ ਉਪਬੰਧਾਂ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਜੇਕਰ ਕਿਸੇ ਬੋਲੀਕਾਰ ਜਾਂ ਭਾਵੀ ਬੋਲੀਕਾਰ ਦੁਅਰਾ ਦਿਆਨਤਦਾਰੀ ਦੀ ਸੰਘਤਾ ਭੰਗ ਹੁੰਦੀ ਹੈ, ਜਿਹੀ ਕਿ ਸੂਰਤ ਹੋਵੇ, ਉਪਾਪਨ ਕਰਨ ਵਾਲੀ ਹਸਤੀ ਮੁਨਾਸਬ ਉਪਾਅ ਕਰ ਸਕਦੀ ਹੈ ਜਿਸ ਵਿੱਚ ਹੇਠ-ਲਿਖੇ ਸ਼ਾਮਲ ਹਨ,-

(ੳ) ਉਪਾਪਨ ਅਮਲ ਤੋਂ ਬੋਲੀਕਾਰ ਦਾ ਇਖਰਾਜ਼;

(ਅ) ਪੂਰਵ ਮੁਆਇਦਾ ਗੱਲਬਾਤ ਨੂੰ ਖਤਮ ਕਰਨਾ ਅਤੇ ਬੋਲੀ ਸਕਿਉਰਿਟੀ ਨੂੰ ਜ਼ਬਤ ਕਰਨਾ ਜਾਂ ਕੈਸ਼ ਕਰਾਉਣਾ;

(ੲ) ਉਪਾਪਨ ਨਾਲ ਸਬੰਧਤ ਕਿਸੇ ਹੋਰ ਸਕਿਉਰਿਟੀ ਜਾਂ ਬਾਂਡ ਦੀ ਜ਼ਬਤੀ ਜਾਂ ਕੈਸ਼ ਕਰਾਉਣਾ;

(ਸ) ਉਪਾਪਨ ਕਰਨ ਵਾਲੀ ਹਸਤੀ ਦੁਆਰਾ ਕੀਤੀਆਂ ਗਈਆਂ ਅਦਾਇਗੀਆਂ ਦੀ ਵਸੂਲੀ ਅਜਿਹੇ ਵਿਆਜ਼ ਸਮੇਤ, ਜਿਵੇਂ ਮੁਕੱਰਰ ਕੀਤਾ ਜਾਵੇ;

(ਹ) ਸੁਸੰਗਤ ਮੁਆਇਦੇ ਦੀ ਮਨਸੂਖੀ ਅਤੇ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਉਠਾਏ ਗਏ ਨੁਕਸਾਨ ਲਈ ਮੁਆਵਜ਼ੇ ਦੀ ਵਸੂਲੀ; ਅਤੇ

(ਕ) ਧਾਰਾ 56 ਅਧੀਨ ਬੋਲੀਕਾਰ ਨੂੰ ਤਿੰਨ ਸਾਲਾਂ ਤੋਂ ਵੱਧ ਨਾ ਹੋਣ ਵਾਲੀ ਮੁੱਦਤ ਲਈ ਉਪਾਪਨ ਕਰਨ ਵਾਲੀ ਹਸਤੀ ਦਾ ਭਵਿੱਖੀ ਉਪਾਪਨਾਵਾਂ ਵਿੱਚ ਹਿੱਸਾ ਲੈਣ ਤੋਂ ਵਰਜਣ।

## ਅਧਿਆਏ III

## ਉਪਾਪਨ ਯੋਜਨਾਬੰਦੀ

ਉਪਾਪਨ ਲਈ ਜ਼ਰੂਰਤ ਦਾ ਨਿਰਧਾਰਣ।

8. (1) ਉਪਾਪਨ ਕਰਨ ਵਾਲੀ ਹਸਤੀ ਪਹਿਲੀ ਗੱਲ ਇਹ ਕਿ ਉਪਾਪਨ ਦੇ ਵਿਸ਼ੇ-ਵਸਤੂ ਦੀ ਜ਼ਰੂਰਤ ਨਿਰਧਾਰਤ ਕਰੇਗੀ।

(2) ਉਪਾਪਨ ਕਰਨ ਵਾਲੀ ਹਸਤੀ ਉਪ-ਧਾਰਾ (1) ਅਧੀਨ ਜ਼ਰੂਰਤ ਦਾ ਨਿਰਧਾਰਣ ਕਰਦੇ ਸਮੇਂ ਹੇਠ-ਲਿਖੇ ਮਾਮਲਿਆਂ ਨੂੰ ਧਿਆਨ ਵਿੱਚ ਰੱਖੇਗੀ, ਅਰਥਾਤ:-

(ੳ) ਉਪਾਪਨ ਦਾ ਦਾਇਰਾ ਜਾਂ ਮਿਕਦਾਰ;

(ਅ) ਅਨੁਸਰਣ ਕੀਤਾ ਜਾਣ ਵਾਲਾ ਉਪਾਪਨ ਦਾ ਤਰੀਕਾ, ਉਸ ਦੀ ਨਿਆਂ ਉਚਿਤਤਾ ਦੇ ਨਾਲ;

(ੲ) ਪੂਰਵ-ਕਾਬਲੀਅਤ ਦੀ ਜ਼ਰੂਰਤ, ਜੇਕਰ ਕੋਈ ਹੋਵੇ;

(ਸ) ਧਾਰਾ 13 ਦੇ ਨਿਬੰਧਨਾਂ ਦੇ ਅਨੁਸਾਰ ਬੋਲੀਕਾਰਾਂ ਦੇ ਭਾਗ ਲੈਣ ਤੇ ਬੰਦਸ਼, ਜੇਕਰ ਕੋਈ ਲਾਗੂ ਹੋਵੇ, ਅਤੇ ਉਸਦੀ ਨਿਆਂ ਉਚਿਤਤਾ;

(ਹ) ਉਪਾਪਨ ਦੀ ਅਨੁਮਾਨਤ ਲਾਗਤ;

(ਕ) ਉਪਾਪਨ ਲਈ ਸਮਾਂ-ਸੀਮਾ; ਅਤੇ

(ਖ) ਕੋਈ ਹੋਰ ਮਾਮਲਾ ਜਿਵੇਂ ਮੁਕੱਰਰ ਕੀਤਾ ਜਾਵੇ।

9. (1) ਉਪਾਪਨ ਕਰਨ ਵਾਲੀ ਹਸਤੀ ਹਰੇਕ ਵਿੱਤੀ ਸਾਲ ਦੇ ਅਰੰਭ ਹੋਣ ਤੋਂ ਪਹਿਲਾਂ/ ਤੇ ਇੱਕ ਸਲਾਨਾ ਉਪਾਪਨ ਯੋਜਨਾ ਤਿਆਰ ਕਰੇਗੀ। ਸਲਾਨਾ ਉਪਾਪਨ ਯੋਜਨਾ।

(2) ਇੱਕ ਉਪਾਪਨ ਕਰਨ ਵਾਲੀ ਹਸਤੀ ਆਪਣੀ ਸਲਾਨਾ ਉਪਾਪਨ ਯੋਜਨਾ ਨੂੰ ਸੂਝਵਾਨ ਤਰੀਕੇ ਨਾਲ ਤਿਆਰ ਕਰਦੇ ਹੋਏ ਧਾਰਾ 8 ਦੀ ਉਪ-ਧਾਰਾ (2) ਵਿੱਚ ਉਲਿਖਤ ਕੀਤੇ ਮਾਮਲੇ ਨੂੰ ਧਿਆਨ ਵਿੱਚ ਰੱਖੇਗੀ ਅਤੇ ਖ਼ਾਸ ਤੌਰ ਤੇ,-

(ੳ) ਆਪਾਤ ਉਪਾਪਨ ਤੋਂ ਬਚੇਗੀ, ਜਿਵੇਂ ਵੀ ਸੰਭਵ ਹੋਵੇ;

(ਅ) ਧਨ ਦਾ ਮੁੱਲ ਅਰਥ ਪ੍ਰਾਪਤ ਕਰਨ ਅਤੇ ਉਪਾਪਨ ਲਾਗਤਾਂ ਨੂੰ ਘਟਾਉਣ ਲਈ, ਉਪਾਪਨ ਕਰਨ ਵਾਲੀ ਹਸਤੀ ਅੰਦਰ ਅਤੇ ਉਪਾਪਨ ਕਰਨ ਵਾਲੀਆਂ ਹਸਤੀਆਂ ਦੋਵਾਂ ਵਿਚਕਾਰ, ਇਸ ਦੀਆਂ ਲੋੜਾਂ, ਜਿੱਥੇ ਵੀ ਸੰਭਵ ਹੋਵੇ, ਨੂੰ ਇਕੱਤਰਿਤ ਕਰੇਗੀ;

(ੲ) ਉਪਾਪਨ ਨੂੰ ਅਲੱਗ ਹੋਣ ਤੋਂ ਬਚਾਵੇਗੀ; ਅਤੇ

(ਸ) ਆਪਣੇ ਉਪਾਪਨ ਬਜਟ ਨੂੰ ਆਪਣੇ ਖਰਚ ਪ੍ਰੋਗਰਾਮ ਨਾਲ ਜੋੜੇਗੀ।

(3) ਸਲਾਨਾ ਉਪਾਪਨ ਯੋਜਨਾ, ਸਮੇਤ ਇਸ ਦੀਆਂ ਅਪਡੇਟਸ ਵਿੱਚ ਘੱਟੋ-ਘੱਟ ਹੇਠ-ਲਿਖੇ ਸ਼ਾਮਲ ਹੋਣਗੇ, ਅਰਥਾਤ:-

(ੳ) ਸਬੰਧਤ ਵਿੱਤੀ ਸਾਲ ਦੌਰਾਨ ਉਸ ਮਾਲ, ਕੰਮਾਂ ਜਾਂ ਸੇਵਾਵਾਂ ਦਾ ਸੰਖੇਪ ਵੇਰਵਾ ਜਿਨ੍ਹਾਂ ਲਈ ਉਪਾਪਨ ਹੋਣਾ ਹੈ;

(ਅ) ਇਸ ਐਕਟ ਅਤੇ ਉਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਉਪਾਪਨ ਦੇ ਤਜਵੀਜ਼ਤ ਤਰੀਕੇ;

(ੲ) ਇਸ ਐਕਟ ਦੀ ਧਾਰਾ 13 ਦੀ ਅਨੁਸਾਰਤਾ ਵਿੱਚ ਕਿਸੇ ਤਰਜੀਹ ਦਾ ਉਪਬੰਧ;

(ਸ) ਮੁੱਖ ਉਪਾਪਨ ਸਰਗਰਮੀਆਂ ਲਈ ਸਮਾਂ ਅਨੁਸੂਚੀ; ਅਤੇ

(ਹ) ਅਜਿਹਾ ਹੋਰ ਮਾਮਲਾ, ਜਿਵੇਂ ਮੁਕੱਰਰ ਕੀਤਾ ਜਾਵੇ।

(4) ਉਪ-ਧਾਰਾ (3) ਦੇ ਅਨੁਸਰਣ ਵਿੱਚ ਤਿਆਰ ਕੀਤੀ ਗਈ ਸਲਾਨਾ ਉਪਾਪਨ ਯੋਜਨਾ ਨੂੰ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਸਬੰਧਤ ਪ੍ਰਬੰਧਕੀ ਵਿਭਾਗ ਦੀ ਪ੍ਰਵਾਨਗੀ ਨਾਲ ਹੋਰ ਅਪਡੇਟ ਕੀਤਾ ਜਾ ਸਕਦਾ ਹੈ, ਪਰੰਤੂ ਅਪਡੇਟ ਕੀਤੀ ਯੋਜਨਾ ਉਪਾਪਨ ਹਸਤੀ ਲਈ ਪ੍ਰਵਾਨਤ ਸਲਾਨਾ ਬਜਟ ਟਿਕਣ ਦੇ ਅੰਦਰ ਰਹੇਗੀ।

(5) ਇਸ ਧਾਰਾ ਦੀ ਉਪ-ਧਾਰਾ (3) ਦੇ ਅਨੁਸਰਣ ਵਿੱਚ ਤਿਆਰ ਕੀਤੀ ਗਈ ਸਲਾਨਾ ਉਪਾਪਨ ਯੋਜਨਾ ਨੂੰ ਉਪਾਪਨ ਕਰਨ ਵਾਲੀ ਹਸਤੀ ਰਾਜ ਜਨਤਕ ਉਪਾਪਨ ਪੋਰਟਲ ਅਤੇ ਸਬੰਧਤ ਉਪਾਪਨ ਕਰਨ ਵਾਲੀ ਹਸਤੀ ਦੀ ਵੈੱਬਸਾਈਟ ਤੇ ਪ੍ਰਕਾਸ਼ਤ ਕਰੇਗੀ:

ਪਰੰਤੂ ਇਸ ਉਪ-ਧਾਰਾ ਦੇ ਅਧੀਨ ਸੂਚਨਾ ਦੇ ਪ੍ਰਕਾਸ਼ਨ ਤੋਂ ਉਪਾਪਨ ਅਮਲ ਦੇ ਸ਼ੁਰੂ ਹੋਣ ਦਾ ਅਰਥ ਨਹੀਂ ਕੱਢਿਆ ਜਾਵੇਗਾ ਅਤੇ ਉਪਾਪਨ ਕਰਨ ਵਾਲੀ ਹਸਤੀ ਤੇ ਬੋਲੀ ਦਸਤਾਵੇਜ਼ ਜਾਰੀ ਕਰਨ ਦੀ ਕੋਈ ਬਾਂਧ ਨਹੀਂ ਹੋਵੇਗੀ ਜਾਂ ਸੰਭਾਵੀ ਬੋਲੀਕਾਰਾਂ ਨੂੰ ਕੋਈ ਅਧਿਕਾਰ ਪ੍ਰਦਾਨ ਨਹੀਂ ਕਰੇਗਾ।

## ਅਧਿਆਏ IV

## ਪੂਰਵ ਪੇਸ਼ਕਸ਼

ਉਪਾਪਨ ਦੇ ਮੁੱਲ ਨਾਲ ਸਬੰਧਤ ਬਾਂਧਾਂ।

10. (1) ਇੱਕ ਉਪਾਪਨ ਕਰਨ ਵਾਲੀ ਹਸਤੀ ਉਪਾਪਨ ਅਮਲ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਜ਼ਰੂਰੀ ਵਿੱਤੀ ਸ਼ਕਤੀਆਂ ਰੱਖਣ ਵਾਲੀ ਅਥਾਰਟੀ ਦੀ ਪ੍ਰਵਾਨਗੀ ਪ੍ਰਾਪਤ ਕਰੇਗੀ।

(2) ਉਪ-ਧਾਰਾ (1) ਅਧੀਨ ਆਪਣੀ ਬਾਂਧਾਂ ਤੋਂ ਬਚਣ ਲਈ ਜਾਂ ਬੋਲੀ ਦੇਣ ਵਾਲਿਆਂ ਵਿਚਕਾਰ ਪ੍ਰਤੀਯੋਗਤਾ ਸੀਮਤ ਕਰਨ ਲਈ ਜਾਂ ਹੋਰਵੇਂ ਇਸ ਐਕਟ ਦੇ ਅਧੀਨ ਆਪਣੀਆਂ ਬਾਂਧਾਂ ਤੋਂ ਬਚਣ ਲਈ ਇੱਕ ਉਪਾਪਨ ਹਸਤੀ ਨਾ ਤਾਂ ਆਪਣੇ ਉਪਾਪਨ ਨੂੰ ਅੱਡ-ਅੱਡ ਕਰੇਗੀ ਨਾ ਹੀ ਉਪਾਪਨ ਦੇ ਮੁੱਲ ਦਾ ਅਨੁਮਾਨ ਲਗਾਉਣ ਲਈ ਕਿਸੇ ਖਾਸ ਮਾਲੀਅਤ ਤਰੀਕੇ ਦੀ ਵਰਤੋਂ ਕਰੇਗੀ:

ਪਰੰਤੂ ਨਿਪੁੰਨਤਾ, ਆਰਥਿਕਤਾ ਅਤੇ ਯਥਾ ਸਮਾਂ ਮੁਕੰਮਲ ਹੋਣ ਜਾਂ ਸਪਲਾਈ ਦੇ ਹਿੱਤ ਵਿੱਚ, ਇੱਕ ਉਪਾਪਨ ਕਰਨ ਵਾਲੀ ਹਸਤੀ, ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ, ਅਤੇ ਪ੍ਰਬੰਧਕੀ ਵਿਭਾਗ ਦੀ ਅਗੇਤਰ ਪ੍ਰਵਾਨਗੀ ਨਾਲ, ਆਪਣੀ ਉਪਾਪਨ ਨੂੰ ਮੁਨਾਸਬ ਪੈਕੇਜਾਂ ਵਿੱਚ ਅੱਡ-ਅੱਡ ਕਰ ਸਕਦੀ ਹੈ।

ਅਮਲ ਲਈ ਸਮਾਂ ਸੀਮਾ।

11. (1) ਰਾਜ ਸਰਕਾਰ ਦੁਆਰਾ ਇਸ ਨਮਿੱਤ ਬਣਾਏ ਗਏ ਨਿਯਮਾਂ ਦੇ ਤਾਬੇ, ਹਰੇਕ ਉਪਾਪਨ ਕਰਨ ਵਾਲੀ ਹਸਤੀ ਉਪਾਪਨ ਅਮਲ ਦੇ ਵੱਖ-ਵੱਖ ਪੜਾਵਾਂ ਨੂੰ ਪੂਰਾ ਕਰਨ ਲਈ ਇੱਕ ਵਾਜਬ ਸਮਾਂ-ਸੀਮਾ ਪੂਰਵ ਨਿਰਧਾਰਤ ਕਰੇਗੀ ਅਤੇ ਇਸ ਨੂੰ ਪੂਰਵ-ਕਾਬਲੀਅਤ ਦਸਤਾਵੇਜ਼ਾਂ, ਬੋਲੀਕਾਰ ਰਜਿਸਟਰੀਕਰਨ ਦਸਤਾਵੇਜ਼ਾਂ ਜਾਂ ਬੋਲੀ ਦਸਤਾਵੇਜ਼ਾਂ ਵਿੱਚ ਦਰਸਾਏਗੀ, ਜਿਹੀ ਕਿ ਸੂਰਤ ਹੋਵੇ।

(2) ਉਪਾਪਨ ਕਰਨ ਵਾਲੀ ਹਸਤੀ ਉਪ-ਧਾਰਾ (1) ਦੇ ਅਧੀਨ ਦਰਸਾਈ ਗਈ ਸਮਾਂ-ਸੀਮਾ ਦੀ ਪਾਲਣਾ ਕਰਨ ਦਾ ਯਤਨ ਕਰੇਗੀ ਅਤੇ ਅਜਿਹਾ ਕਰਨ ਵਿੱਚ ਅਸਫ਼ਲ ਰਹਿਣ ਦੀ ਸੂਰਤ ਵਿੱਚ, ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ, ਅਜਿਹੀ ਸਮਾਂ ਸੀਮਾ ਨੂੰ ਵਧਾਏਗੀ।

## ਅਧਿਆਏ V

## ਟੈਂਡਰਿੰਗ

ਉਪਾਪਨ ਦੇ ਵਿਸ਼ਾ ਵਸਤੂ ਦਾ ਵੇਰਵਾ।

12. (1) ਉਪਾਪਨ ਦੇ ਵਿਸ਼ਾ-ਵਸਤੂ ਦਾ ਵੇਰਵਾ ਪੂਰਵ-ਕਾਬਲੀਅਤ ਦਸਤਾਵੇਜ਼ਾਂ, ਬੋਲੀਕਾਰ ਰਜਿਸਟਰੀਕਰਨ ਦਸਤਾਵੇਜ਼ਾਂ ਅਤੇ ਬੋਲੀ ਦਸਤਾਵੇਜ਼ਾਂ ਵਿੱਚ ਦਿੱਤਾ ਜਾਵੇਗਾ ਅਤੇ,-

(ੳ) ਉਪਾਪਨ ਕਰਨ ਵਾਲੀ ਹਸਤੀ ਦੀਆਂ ਜ਼ਰੂਰੀ ਲੋੜਾਂ ਦੀ ਪੂਰਤੀ ਬਾਬਤ ਅਜਿਹਾ ਹੋਵੇਗਾ;

(ਅ) ਉਸ ਹੱਦ ਤੱਕ ਅਮਲਯੋਗ-

(i) ਉਦੇਸ਼ਪੂਰਨ, ਕਾਰਜਸ਼ੀਲ, ਵਿਆਪਕ ਅਤੇ ਮਾਪਣਯੋਗ ਹੋਵੇਗਾ;

(ii) ਸੁਸੰਗਤ ਤਕਨੀਕੀ, ਗੁਣ ਅਤੇ ਪਾਲਣਾ ਲੱਛਣ ਦੱਸੇਗਾ; ਅਤੇ

(iii) ਕਿਸੇ ਖ਼ਾਸ ਵਪਾਰ ਚਿੰਨ੍ਹ, ਵਪਾਰਕ ਨਾਂ ਜਾਂ ਬ੍ਰਾਂਡ ਲਈ ਜੋੜ ਨਹੀਂ ਦਰਸਾਏਗਾ।

(2) ਤਕਨੀਕੀ ਵਿਸ਼ੇਸ਼ ਵਿਵਰਣ, ਜਿੱਥੇ ਲਾਗੂ ਹੋਣ, ਉਸ ਹੱਦ ਤੱਕ ਅਮਲਯੋਗ ਰਾਸ਼ਟਰੀ ਤਕਨੀਕੀ ਵਿਨਿਯਮਾਂ ਜਾਂ ਮਾਨਤਾ ਪ੍ਰਾਪਤ ਰਾਸ਼ਟਰੀ ਮਿਆਰਾਂ ਜਾਂ ਇਮਾਰਤ ਸੰਘਤਾ ਤੇ ਆਧਾਰਤ ਹੋਣਗੇ, ਜਿੱਥੇ ਵੀ ਅਜਿਹੇ ਮਿਆਰ ਮੌਜੂਦ ਹਨ ਅਤੇ ਉਨ੍ਹਾਂ ਦੀ ਅਣਹੋਂਦ ਵਿੱਚ, ਸੁਸੰਗਤ ਅੰਤਰਰਾਸ਼ਟਰੀ ਮਿਆਰਾਂ ਦੀ ਵਰਤੋਂ ਕੀਤੀ ਜਾ ਸਕੇਗੀ।

ਬੋਲੀਕਾਰਾਂ ਦਾ ਭਾਗ ਲੈਣਾ।

13. (1) ਉਪਾਪਨ ਕਰਨ ਵਾਲੀ ਹਸਤੀ ਉਪਾਪਨ ਅਮਲ ਵਿੱਚ ਬੋਲੀਕਾਰਾਂ ਦੇ ਭਾਗ ਲੈਣ 'ਤੇ ਬੰਦਸ਼ ਲਗਾਉਣ ਦੇ ਮਕਸਦ ਨਾਲ ਕੋਈ ਵੀ ਲੋੜ ਸਥਾਪਤ ਨਹੀਂ ਕਰੇਗੀ ਜੋ ਬੋਲੀਕਾਰਾਂ ਦੇ ਵਿਰੁੱਧ ਜਾਂ ਉਨ੍ਹਾਂ ਵਿਚਕਾਰ ਜਾਂ ਉਨ੍ਹਾਂ ਦੀ ਕਿਸੇ ਵੀ ਸ਼੍ਰੇਣੀ ਦੇ ਵਿਰੁੱਧ ਵਿਤਕਰਾ ਕਰਦੀ ਹੋਵੇ, ਸਿਵਾਏ ਜਦੋਂ ਇਸ ਐਕਟ ਜਾਂ ਉਸ ਅਧੀਨ ਬਣਾਏ ਗਏ ਨਿਯਮਾਂ ਜਾਂ ਦਿਸ਼ਾ-ਨਿਰਦੇਸ਼ਾਂ ਦੁਆਰਾ ਜਾਂ ਤੱਤਸਮੇਂ ਨਾਫਜ਼ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਦੁਆਰਾ ਅਜਿਹਾ ਕਰਨਾ ਅਧਿਕਾਰਤ ਜਾਂ ਲੋੜਿਆ ਜਾਵੇ।

(2) ਰਾਜ ਸਰਕਾਰ, ਇਸ ਨਮਿੱਤ ਅਧਿਸੂਚਨਾ ਦੁਆਰਾ, ਬੋਲੀਕਾਰਾਂ ਦੀ ਕਿਸੇ ਵੀ ਸ਼੍ਰੇਣੀ ਤੋਂ ਉਪਾਪਨ ਦੇ ਕਿਸੇ ਵੀ ਵਿਸ਼ੇ-ਵਸਤੂ ਦੀ ਲਾਜ਼ਮੀ ਉਪਾਪਨ, ਅਤੇ ਬੋਲੀਕਾਰਾਂ ਦੀ ਕਿਸੇ ਵੀ ਸ਼੍ਰੇਣੀ ਤੋਂ ਉਪਾਪਨ ਵਿੱਚ ਖਰੀਦ ਜਾਂ ਕੀਮਤ ਤਰਜੀਹ ਹੇਠ-ਲਿਖੇ ਆਧਾਰਾਂ ਤੇ ਉਪਬੰਧਤ ਕਰ ਸਕਦੀ ਹੈ, ਅਰਥਾਤ:-

(ੳ) ਘਰੇਲੂ ਉਦਯੋਗ ਦੀ ਤਰੱਕੀ;

(ਅ) ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੀ ਸਮਾਜਿਕ-ਆਰਥਿਕ ਨੀਤੀ;

(ੲ) ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੀ ਠੀਕ ਤੌਰ ਤੇ ਅਧਿਸੂਚਿਤ ਨੀਤੀ ਨੂੰ ਅੱਗੇ ਵਧਾਉਣ ਵਿੱਚ ਜਨਤਕ ਹਿੱਤ ਵਿੱਚ ਕੋਈ ਹੋਰ ਬਦਲ:

ਪਰੰਤੂ ਅਜਿਹੀ ਕਿਸੇ ਅਧਿਸੂਚਨਾ ਵਿੱਚ ਅਜਿਹੇ ਲਾਜ਼ਮੀ ਜਾਂ ਤਰਜੀਹੀ ਉਪਾਪਨ, ਚੁਣੇ ਗਏ ਪੂਰਤੀਕਾਰਾਂ ਦੀ ਸ਼੍ਰੇਣੀ ਅਤੇ ਉਪਬੰਧਤ ਕੀਤੀ ਗਈ ਤਰਜੀਹ ਦੀ ਪ੍ਰਕਿਰਤੀ ਲਈ ਤਰਕਪੂਰਨ ਨਿਆਂ ਉਚਿਤਤਾ ਦਰਜ ਹੋਵੇਗੀ।

(3) ਉਪਾਪਨ ਕਰਨ ਵਾਲੀ ਹਸਤੀ, ਉਪਾਪਨ ਅਮਲ ਵਿੱਚ ਬੋਲੀਕਾਰਾਂ ਨੂੰ ਭਾਗ ਲੈਣ ਦਾ ਸੱਦਾ ਦਿੰਦੇ ਸਮੇਂ ਇਹ ਐਲਾਨ ਕਰੇਗੀ ਕਿ ਇਸ ਧਾਰਾ ਦੇ

ਅਨੁਸਰਣ ਵਿੱਚ ਅਤੇ ਕਿਸ ਆਧਾਰ ਤੇ ਬੋਲੀਕਾਰਾਂ ਦਾ ਭਾਗ ਲੈਣਾ ਸੀਮਤ ਹੈ ਅਤੇ ਅਜਿਹੀ ਕਿਸੇ ਵੀ ਘੋਸ਼ਣਾ ਨੂੰ ਆਮ ਤੌਰ ਤੇ ਬਾਅਦ ਵਿੱਚ ਬਦਲਿਆ ਨਹੀਂ ਜਾ ਸਕੇਗਾ।

(4) ਇਸ ਧਾਰਾ ਵਿੱਚ ਕਿਸੇ ਵੀ ਗੱਲ ਦਾ ਅਰਥ ਇਹ ਨਹੀਂ ਸਮਝਿਆ ਜਾਵੇਗਾ ਕਿ ਰਾਜ ਸਰਕਾਰ ਜਾਂ ਕਿਸੇ ਵੀ ਉਪਾਪਨ ਕਰਨ ਵਾਲੀ ਹਸਤੀ ਨੂੰ,-

(ੳ) ਲੋਕ ਵਿਵਸਥਾ, ਸਦਾਚਾਰ ਜਾਂ ਸੁਰੱਖਿਅਤਾ ਦੀ ਰੱਖਿਆ ਕਰਨ; ਜਾਂ

(ਅ) ਮਨੁੱਖ, ਜਾਨਵਰ ਜਾਂ ਪੌਦਿਆਂ ਦੀ ਜ਼ਿੰਦਗੀ ਜਾਂ ਉਨ੍ਹਾਂ ਦੀ ਸਿਹਤ ਦੀ ਰੱਖਿਆ ਕਰਨ; ਜਾਂ

(ੲ) ਬੌਧਿਕ ਸੰਪੱਤੀ ਦੀ ਰੱਖਿਆ ਕਰਨ; ਜਾਂ

(ਸ) ਭਾਰਤ ਦੀ ਜ਼ਰੂਰੀ ਸੁਰੱਖਿਆ ਅਤੇ ਰਣਨੀਤਿਕ ਹਿੱਤ ਦੀ ਰੱਖਿਆ ਕਰਨ,

ਦੀ ਜ਼ਰੂਰਤ ਦੇ ਕਾਰਨ ਭਾਗ ਲੈਣ ਨੂੰ ਸੀਮਤ ਕਰਨ ਵਾਲੇ ਉਪਾਅ ਅਰੋਪਣ ਜਾਂ ਨਾਫ਼ਜ਼ ਕਰਨ ਤੋਂ ਰੋਕਿਆ ਜਾ ਰਿਹਾ ਹੈ।

14. (1) ਇੱਕ ਉਪਾਪਨ ਕਰਨ ਵਾਲੀ ਹਸਤੀ ਉਪਾਪਨ ਅਮਲ ਵਿੱਚ ਭਾਗ ਲੈਣ ਦੇ ਕਾਬਲ ਹੋਣ ਲਈ ਇੱਕ ਬੋਲੀਕਾਰ ਲਈ ਉਪ-ਧਾਰਾ (2) ਵਿੱਚ ਉਲਿਖਤ ਕੀਤੀਆਂ ਗਈਆਂ ਇੱਕ ਜਾਂ ਵੱਧ ਲੋੜਾਂ ਨਿਰਧਾਰਤ ਅਤੇ ਲਾਗੂ ਕਰ ਸਕਦੀ ਹੈ। ਬੋਲੀਕਾਰਾਂ ਦੀਆਂ ਕਾਬਲੀਅਤਾਂ।

(2) ਉਪਾਪਨ ਅਮਲ ਵਿੱਚ ਭਾਗ ਲੈਣ ਵਾਲਾ ਕੋਈ ਵੀ ਬੋਲੀਕਾਰ,-

(ੳ) ਉਪਾਪਨ ਹਸਤੀ ਦੁਆਰਾ ਜਾਰੀ ਕੀਤੇ ਗਏ ਬੋਲੀ ਦਸਤਾਵੇਜ਼ਾਂ, ਪੂਰਵ-ਕਾਬਲੀਅਤ ਦਸਤਾਵੇਜ਼ਾਂ ਜਾਂ ਬੋਲੀਕਾਰ ਰਜਿਸਟਰੀਕਰਨ ਦਸਤਾਵੇਜ਼ਾਂ, ਜਿਹੀ ਕਿ ਸੂਰਤ ਹੋਵੇ, ਦੁਆਰਾ ਲੋੜੀਂਦੇ ਜ਼ਰੂਰੀ ਪੇਸ਼ੇਵਰ, ਤਕਨੀਕੀ, ਵਿੱਤੀ ਅਤੇ ਪ੍ਰਬੰਧਕੀ ਸਰੋਤ ਅਤੇ ਸੁਯੋਗਤਾ ਰੱਖੇਗਾ;

(ਅ) ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਜਾਂ ਕਿਸੇ ਸਥਾਨਕ ਅਥਾਰਟੀ ਨੂੰ ਅਦਾਇਗੀਯੋਗ ਕਰਾਂ ਦੀ ਅਦਾਇਗੀ ਕਰਨ ਦੀ ਬਾਂਧ ਪੂਰੀ ਕੀਤੀ ਹੈ ਜਿਵੇਂ ਕਿ ਬੋਲੀ ਦਸਤਾਵੇਜ਼ਾਂ, ਪੂਰਵ-ਕਾਬਲੀਅਤਾਂ ਦਸਤਾਵੇਜ਼ਾਂ ਜਾਂ ਬੋਲੀਕਾਰ ਰਜਿਸਟਰੀਕਰਨ ਦਸਤਾਵੇਜ਼ਾਂ ਵਿੱਚ ਉਲਿਖਤ ਕੀਤਾ ਜਾਵੇ;

(ੲ) ਦਿਵਾਲੀਆ, ਰਿਸੀਵਰਸ਼ਿਪ ਵਿੱਚ ਦਿਵਾਲੀਆ ਜਾਂ ਸਮਾਪਤ ਹੋਣ ਦੇ ਅਧੀਨ ਨਹੀਂ ਹੋਵੇਗਾ, ਇਸ ਦੇ ਮਾਮਲੇ ਕਿਸੇ ਅਦਾਲਤ ਜਾਂ ਨਿਆਂਇਕ ਅਧਿਕਾਰੀ ਦੁਆਰਾ ਪ੍ਰਸ਼ਾਸਤ ਨਾ ਕੀਤੇ ਗਏ ਹੋਣ, ਇਸ ਦੀਆਂ ਕਾਰੋਬਾਰ ਸਰਗਰਮੀਆਂ ਨੂੰ ਮੁਅੱਤਲ ਨ ਕੀਤਾ ਗਿਆ ਹੋਵੇ ਅਤੇ ਕਿਸੇ ਵੀ ਪੂਰਵਗਾਮੀ ਕਾਰਨਾਂ ਕਰਕੇ ਅਵੱਸ਼ ਹੀ ਕਾਨੂੰਨੀ ਕਾਰਵਾਈ ਦਾ ਵਿਸ਼ਾ ਨਾ ਹੋਵੇ;

(ਸ) ਉਨ੍ਹਾਂ ਦੇ ਡਾਇਰੈਕਟਰਾਂ ਅਤੇ ਅਧਿਕਾਰੀਆਂ ਨੂੰ ਉਪਾਪਨ ਅਮਲ ਦੇ ਅਰੰਭ ਹੋਣ ਤੋਂ ਪੂਰਵਗਾਮੀ ਤਿੰਨ ਸਾਲਾਂ ਦੀ ਮੁੱਦਤ ਦੇ ਅੰਦਰ ਉਪਾਪਨ ਮੁਆਇਦਾ ਕਰਨ ਲਈ ਉਨ੍ਹਾਂ ਦੇ ਪੇਸ਼ਾਵਰਾਨਾ ਆਚਰਣ ਜਾਂ ਉਨ੍ਹਾਂ ਦੀਆਂ ਯੋਗਤਾਵਾਂ ਬਾਬਤ ਝੂਠੇ ਬਿਆਨ ਦੇਣ ਜਾਂ ਗਲਤ ਬਿਆਨੀ ਕਰਨ ਲਈ ਕਿਸੇ ਵੀ ਫ਼ੌਜਦਾਰੀ ਅਪਰਾਧ ਲਈ ਸਿੱਧ-ਦੋਸ਼ੀ ਨਾ ਠਹਿਰਾਇਆ ਗਿਆ ਹੋਵੇ, ਜਾਂ ਵਰਜਣ ਕਾਰਵਾਈ ਦੇ ਅਨੁਸਰਣ ਵਿੱਚ ਹੋਰ ਤਰ੍ਹਾਂ ਨਾਕਾਬਲ ਨ ਠਹਿਰਾਇਆ ਗਿਆ ਹੋਵੇ;

(ਹ) ਹਿੱਤਾਂ ਦਾ ਟਕਰਾਅ ਨਹੀਂ ਹੋਵੇਗਾ ਜਿਵੇਂ ਪੂਰਵ-ਕਾਬਲੀਅਤ ਦਸਤਾਵੇਜ਼ਾਂ, ਬੋਲੀਕਾਰ ਰਜਿਸਟਰੀਕਰਨ ਦਸਤਾਵੇਜ਼ਾਂ ਜਾਂ ਬੋਲੀ ਦਸਤਾਵੇਜ਼ਾਂ ਵਿੱਚ ਉਲਿਖਤ ਅਤੇ ਮੁਕੱਰਰ ਕੀਤਾ ਜਾਵੇ ਜੋ ਨਿਰਪੱਖ ਪ੍ਰਤੀਯੋਗਤਾ ਨੂੰ ਤਤਵਿਕ ਤੌਰ ਤੇ ਪ੍ਰਭਾਵਿਤ ਕਰਦਾ ਹੋਵੇ; ਅਤੇ

(ਕ) ਕੋਈ ਹੋਰ ਯੋਗਤਾਵਾਂ ਨੂੰ ਪੂਰਾ ਕਰੇਗਾ ਜਿਵੇਂ ਮੁਕੱਰਰ ਕੀਤੀਆਂ ਹੋਣ।

(3) ਬੋਲੀਕਾਰਾਂ ਦੀ ਆਪਣੀ ਬੌਧਿਕ ਸੰਪੱਤੀ ਜਾਂ ਵਪਾਰ ਭੇਦਾਂ ਦੀ ਰੱਖਿਆ ਕਰਨ ਦੇ ਅਧਿਕਾਰ ਦੇ ਤਾਬੇ, ਉਪਾਪਨ ਕਰਨ ਵਾਲੀ ਹਸਤੀ ਇੱਕ ਬੋਲੀਕਾਰ ਤੋਂ ਅਜਿਹੀ ਕੋਈ ਵੀ ਜਾਣਕਾਰੀ ਜਾਂ ਘੋਸ਼ਣਾ ਮੁਹੱਈਆ ਕਰਨਾ ਲੋੜ ਸਕਦੀ ਹੈ ਜੋ ਉਹ ਉਪ-ਧਾਰਾ (1) ਦੀ ਅਨੁਸਾਰਤਾ ਵਿੱਚ ਮੁਲਾਂਕਣ ਕਰਨ ਲਈ ਜ਼ਰੂਰੀ ਸਮਝੇ।

(4) ਇਸ ਧਾਰਾ ਦੇ ਅਨੁਸਰਣ ਵਿੱਚ ਸਥਾਪਤ ਕੀਤੀ ਗਈ ਕੋਈ ਵੀ ਲੋੜ ਪੂਰਵ-ਕਾਬਲੀਅਤ ਦਸਤਾਵੇਜ਼ਾਂ ਜਾਂ ਬੋਲੀਕਾਰ ਰਜਿਸਟਰੀਕਰਨ ਦਸਤਾਵੇਜ਼ਾਂ, ਜੇਕਰ ਕੋਈ ਹੋਣ, ਅਤੇ ਬੋਲੀ ਦਸਤਾਵੇਜ਼ਾਂ ਵਿੱਚ ਦਿੱਤੀ ਜਾਵੇਗੀ ਅਤੇ ਸਾਰੇ ਬੋਲੀਕਾਰਾਂ 'ਤੇ ਬਰਾਬਰ ਲਾਗੂ ਹੋਵੇਗੀ।

(5) ਉਪਾਪਨ ਕਰਨ ਵਾਲੀ ਹਸਤੀ ਬੋਲੀਕਾਰਾਂ ਦੀਆਂ ਕਾਬਲੀਅਤਾਂ ਦਾ ਮੁਲਾਂਕਣ ਸਿਰਫ਼ ਇਸ ਧਾਰਾ ਵਿੱਚ ਉਲਿਖਤ ਕੀਤੀ ਗਈ ਲੋੜ ਦੀ ਅਨੁਸਾਰਤਾ ਵਿੱਚ ਹੀ ਕਰੇਗੀ।

15. (1) ਇਸ ਐਕਟ ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਅਤੇ ਸੋਧਾਂ ਦੇ ਉਪਬੰਧਾਂ ਦੇ ਤਾਬੇ, ਇੱਕ ਉਪਾਪਨ ਕਰਨ ਵਾਲੀ ਹਸਤੀ,- ਇੱਕ ਲਿਫ਼ਾਫ਼ਾ ਅਤੇ ਦੋ ਲਿਫ਼ਾਫ਼ਾ ਬੋਲੀਆਂ।

(ੳ) ਬੋਲੀਆਂ ਮੰਗਵਾਉਣਾ ਚੁਣ ਸਕਦੀ ਹੈ ਜਿਸ ਵਿੱਚ ਤਕਨੀਕੀ, ਗੁਣ ਅਤੇ ਪਾਲਣ ਪਹਿਲੂ, ਵਣਜਕ ਨਿਬੰਧਨ ਅਤੇ ਸ਼ਰਤਾਂ ਅਤੇ ਵਿੱਤੀ ਪਹਿਲੂਆਂ ਸਮੇਤ ਕੀਮਤ ਇੱਕ ਇਕਹਿਰੇ ਲਿਫ਼ਾਫ਼ੇ ਵਿੱਚ ਦਰਜ ਹਨ; ਜਾਂ

(ਅ) ਜੇ ਇਹ ਰਾਏ ਰੱਖਦੀ ਹੈ ਕਿ ਬੋਲੀ ਦੇ ਵਿੱਤੀ ਪਹਿਲੂ ਤੇ ਵਿਚਾਰ ਕਰਨ ਤੋਂ ਪਹਿਲਾਂ ਇਸ ਦੇ ਤਕਨੀਕੀ ਪਹਿਲੂਆਂ ਦਾ ਮੁਲਾਂਕਣ ਕਰਨਾ ਜ਼ਰੂਰੀ ਹੈ, ਤਾਂ ਦੋ ਲਿਫ਼ਾਫ਼ਿਆਂ ਵਿੱਚ ਬੋਲੀਆਂ ਮੰਗਵਾਉਣਾ ਚੁਣ ਸਕਦੀ ਹੈ, ਅਰਥਾਤ:-

(i) ਤਕਨੀਕੀ-ਵਣਜਕ ਬੋਲੀ ਜਿਸ ਵਿੱਚ ਤਕਨੀਕੀ, ਗੁਣ ਅਤੇ ਪਾਲਣਾ ਪਹਿਲੂ, ਵਪਾਰਕ ਨਿਬੰਧਨ ਅਤੇ ਸ਼ਰਤਾਂ ਸ਼ਾਮਲ ਹਨ; ਅਤੇ

(ii) ਵਿੱਤੀ ਪਹਿਲੂਆਂ ਵਾਲੀ ਵਿੱਤੀ ਬੋਲੀ, ਜਿਸ ਵਿੱਚ ਕੀਮਤ ਵੀ ਸ਼ਾਮਲ ਹੈ।

(2) ਜੇ ਉਪਾਪਨ ਕਰਨ ਵਾਲੀ ਹਸਤੀ ਉਪ-ਧਾਰਾ (1) ਦੇ ਖੰਡ (ਅ) ਦੇ ਨਿਬੰਧਨਾਂ ਦੇ ਅਨੁਸਾਰ ਬੋਲੀਆਂ ਦੀ ਮੰਗ ਕਰਦੀ ਹੈ, ਤਾਂ ਤਕਨੀਕੀ-ਵਣਜਕ ਬੋਲੀ ਪਹਿਲਾਂ ਖੋਲ੍ਹੀ ਅਤੇ ਮੁਲਾਂਕਣ ਕੀਤੀ ਜਾਵੇਗੀ ਅਤੇ ਸਿਰਫ਼ ਉਨ੍ਹਾਂ ਬੋਲੀਕਾਰਾਂ ਦੀ ਵਿੱਤੀ ਬੋਲੀ ਖੋਲ੍ਹੀ ਅਤੇ ਮੁਲਾਂਕਣ ਕੀਤੀ ਜਾਵੇਗੀ ਜੋ ਤਕਨੀਕੀ ਤੌਰ ਤੇ ਸਵੀਕਾਰਯੋਗ ਪਾਏ ਗਏ ਹਨ।

16. (1) ਇੱਕ ਉਪਾਪਨ ਕਰਨ ਵਾਲੀ ਹਸਤੀ, ਬੋਲੀਆਂ ਲਈ ਸੱਦਾ ਦੇਣ ਤੋਂ ਪਹਿਲਾਂ, ਬੋਲੀਕਾਰਾਂ ਜੋ ਉਲਿਖਤ ਸਮੇਂ ਦੀ ਮੁੱਦਤ ਲਈ ਕਾਬਲ ਹਨ, ਦੀ ਸ਼ਨਾਖਤ ਕਰਨ ਦੀ ਦ੍ਰਿਸ਼ਟੀ ਨਾਲ, ਇੱਕ ਪੂਰਵ-ਕਾਬਲੀਅਤ ਅਮਲ ਵਿੱਚ ਲੱਗ ਸਕਦੀ ਹੈ। ਬੋਲੀਕਾਰਾਂ ਦੀ ਪੂਰਵ-ਕਾਬਲੀਅਤ।

(2) ਉਪ-ਧਾਰਾ (1) ਦੇ ਪ੍ਰਯੋਜਨ ਲਈ, ਇੱਕ ਉਪਾਪਨ ਕਰਨ ਵਾਲੀ ਹਸਤੀ ਪੂਰਵ-ਕਾਬਲ ਦੇ ਸੱਦੇ ਦਾ ਖੁੱਲ੍ਹਾ ਪ੍ਰਚਾਰ ਕਰਕੇ ਭਾਵੀ ਬੋਲੀਕਾਰਾਂ ਤੋਂ ਪੇਸ਼ਕਸ਼ਾਂ ਨੂੰ ਸੱਦਾ ਦੇ ਸਕਦੀ ਹੈ ਅਤੇ ਰਾਜ ਜਨਤਕ ਉਪਾਪਨ ਪੋਰਟਲ ਤੇ ਕਾਬਲ ਬੋਲੀਕਾਰਾਂ ਵਾਲਿਆਂ ਦੇ ਵੇਰਵੇ ਪ੍ਰਕਾਸ਼ਤ ਕਰੇਗੀ।

(3) ਜਿੱਥੇ ਇੱਕ ਉਪਾਪਨ ਕਰਨ ਵਾਲੀ ਹਸਤੀ ਨੇ ਕਿਸੇ ਵੀ ਉਪਾਪਨ ਦੇ ਬਾਰੇ ਵਿੱਚ ਪੂਰਵ-ਕਾਬਲੀਅਤ ਅਮਲ ਦਾ ਜ਼ਿੰਮਾ ਚੁੱਕਿਆ ਹੈ, ਸਿਰਫ਼ ਅਜਿਹੇ ਪੂਰਵ-ਕਾਬਲ ਬੋਲੀਕਾਰ ਹੀ ਉਪਾਪਨ ਕਾਰਵਾਈਆਂ ਵਿੱਚੋਂ ਜਾਰੀ ਰਹਿਣ ਦੇ ਹੱਕਦਾਰ ਹੋਣਗੇ।

(4) ਉਪਾਪਨ ਕਰਨ ਵਾਲੀ ਹਸਤੀ ਇਹ ਫ਼ੈਸਲਾ ਕਰੇਗੀ ਕਿ ਧਾਰਾ 14 ਅਤੇ ਪੂਰਵ-ਕਾਬਲੀਅਤ ਦਸਤਾਵੇਜ਼ਾਂ ਵਿੱਚ ਦਿੱਤੇ ਗਏ ਮਾਪਦੰਡਾਂ ਦੀ ਅਨੁਸਾਰਤਾ ਵਿੱਚ ਕੌਣ ਪੂਰਵ-ਕਾਬਲ ਹੈ।

(5) ਹਰੇਕ ਪੂਰਵ-ਕਾਬਲੀਅਤ ਅਮਲ ਅਜਿਹੇ ਤਰੀਕੇ ਨਾਲ ਅਤੇ ਅਜਿਹੇ ਜ਼ਾਬਤੇ ਦੀ ਅਨੁਸਾਰਤਾ ਵਿੱਚ ਸਿਰੇ ਚਾੜ੍ਹਿਆ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਬੋਲੀਕਾਰਾਂ ਦੀ ਆਗਾਮੀ-ਕਾਬਲੀਅਤ।

17. (1) ਉਪਾਪਨ ਕਰਨ ਵਾਲੀ ਹਸਤੀ, ਜਿੱਥੇ ਬੋਲੀਕਾਰ ਪੂਰਵ-ਕਾਬਲ ਨਹੀਂ ਹਨ, ਇਹ ਨਿਰਧਾਰਤ ਕਰ ਸਕਦੀ ਹੈ ਕਿ ਕੀ ਉਹ ਬੋਲੀਕਾਰ, ਜਿਸ ਦੀ ਬੋਲੀ ਜਾਂ ਤਜਵੀਜ਼ ਨੂੰ ਉਪਾਪਨ ਦੇ ਮਾਮਲੇ ਵਿੱਚ ਸਭ ਤੋਂ ਘੱਟ ਮੁਲਾਂਕਣ ਕੀਤੀ ਗਈ ਬੋਲੀ ਜਾਂ ਜਨਤਕ ਧਨਧਾਮਾਂ ਦੇ ਨਿਪਟਾਰੇ ਦੇ ਮਾਮਲੇ ਵਿੱਚ ਬੋਲੀ ਦੁਆਰਾ ਸਭ ਤੋਂ ਵੱਧ ਮੁਲਾਂਕਣ ਕੀਤੀ ਗਈ ਬੋਲੀ ਪੇਸ਼ ਕਰਨ ਲਈ ਨਿਰਧਾਰਤ ਕੀਤਾ ਗਿਆ ਹੈ, ਕੋਲ ਮੁਆਇਦੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਿਰੇ ਚਾੜ੍ਹਨ ਦੀ ਹੈਸੀਅਤ, ਸਮਰੱਥਾ ਅਤੇ ਵਸੀਲੇ ਹਨ ਜਿਵੇਂ ਕਿ ਐਵਾਰਡ ਦਾ ਫ਼ੈਸਲਾ ਸੰਸੂਚਤ ਕਰਨ ਤੋਂ ਪਹਿਲਾਂ ਬੋਲੀ ਵਿੱਚ ਪੇਸ਼ਕਸ਼ ਕੀਤੀ ਗਈ ਹੈ।

(2) ਆਗਾਮੀ ਕਾਬਲੀਅਤ ਮਾਨ-ਦੰਡ ਖੁਦ ਬੋਲੀ ਦਸਤਾਵੇਜ਼ਾਂ ਵਿੱਚ ਅਧਿ-ਕਥਿਤ ਕੀਤੇ ਜਾਣਗੇ ਅਤੇ ਜੇਕਰ ਬੋਲੀਕਾਰ ਇਨ੍ਹਾਂ ਵਿੱਚੋਂ ਕਿਸੇ ਵੀ ਮਾਨ-ਦੰਡ ਨੂੰ ਪੂਰਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਬੋਲੀ ਨੂੰ ਨਾ-ਮਨਜ਼ੂਰ ਕਰ ਦਿੱਤਾ ਜਾਵੇਗਾ ਅਤੇ ਉਪਾਪਨ ਕਰਨ ਵਾਲੀ ਹਸਤੀ ਉਪਾਪਨ ਦੇ ਮਾਮਲੇ ਵਿੱਚ ਅਗਲੀ ਸਭ ਤੋਂ ਘੱਟ ਮੁਲਾਂਕਣ ਵਾਲੀ ਬੋਲੀ ਅਤੇ ਬੋਲੀਕਾਰ ਦੁਆਰਾ ਜਨਤਕ ਧਨਧਾਮ ਦੇ ਨਿਪਟਾਰੇ ਦੇ ਮਾਮਲੇ ਵਿੱਚ ਅਗਲੀ ਸਭ ਤੋਂ ਵੱਧ ਬੋਲੀ ਲਈ ਵੀ ਉਸੇ ਵਰਗਾ ਨਿਰਧਾਰਣ ਕਰੇਗੀ।

(3) ਮੁਆਇਦੇ ਦੇ ਐਵਾਰਡ ਦੀ ਪੁਸ਼ਟੀ ਹੋਣ ਤੋਂ ਪਹਿਲਾਂ, ਇੱਕ ਉਪਾਪਨ ਕਰਨ ਵਾਲੀ ਹਸਤੀ ਇੱਕ ਬੋਲੀਕਾਰ ਤੋਂ ਜਿਸ ਨੇ ਉਪਾਪਨ ਦੇ ਮਾਮਲੇ ਵਿੱਚ ਸਭ ਤੋਂ ਘੱਟ ਮੁਲਾਂਕਣ ਵਾਲੀ ਬੋਲੀ ਜਾਂ ਬੋਲੀ ਦੁਆਰਾ ਜਨਤਕ ਧਨਧਾਮ ਦੇ ਨਿਪਟਾਰੇ ਦੇ ਮਾਮਲੇ ਵਿੱਚ ਸਭ ਤੋਂ ਵੱਧ ਮੁਲਾਂਕਣ ਵਾਲੀ ਬੋਲੀ ਪੇਸ਼ ਕੀਤੀ ਹੈ ਉਸ ਦੀਆਂ ਕਾਬਲੀਅਤਾਂ ਦਾ ਮੁੜ ਵਿਖਾਵਾ ਲੋੜ ਸਕੇਗੀ।

(4) ਉਪ-ਧਾਰਾ (3) ਵਿੱਚ ਵਰਤੇ ਜਾਣ ਵਾਲੇ ਮਾਨ-ਦੰਡ ਅਤੇ ਜ਼ਾਬਤੇ ਉਹੀ ਹੋਣਗੇ ਜੋ ਇਸ ਐਕਟ ਦੀ ਧਾਰਾ 16 ਵਿੱਚ ਦਿੱਤੀ ਗਈ ਪੂਰਵ-ਕਾਬਲੀਅਤ

ਕਾਰਵਾਈਆਂ ਵਿੱਚ ਵਰਤੇ ਗਏ ਹਨ ਅਤੇ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਤਿਆਰ ਕੀਤੇ ਬੋਲੀ ਦਸਤਾਵੇਜ਼ਾਂ ਵਿੱਚ ਉਲਿਖਤ ਕੀਤੇ ਜਾਣਗੇ।

(5) ਉਪਾਪਨ ਕਰਨ ਵਾਲੀ ਹਸਤੀ, ਜਿੱਥੇ ਸਭ ਤੋਂ ਘੱਟ ਜਾਂ ਸਭ ਤੋਂ ਵੱਧ ਮੁਲਾਂਕਣ ਕੀਤੀ ਬੋਲੀ ਵਾਲਾ ਬੋਲੀਕਾਰ ਆਗਾਮੀ ਕਾਬਲ ਹੋਣ ਵਿੱਚ ਅਸਫ਼ਲ ਰਹਿੰਦਾ ਹੈ, ਬੋਲੀ ਨੂੰ ਨ-ਮਨਜ਼ੂਰ ਕਰੇਗੀ ਅਤੇ ਬਾਕੀ ਬੋਲੀਆਂ ਵਿੱਚੋਂ ਅਗਲੀ ਸਭ ਤੋਂ ਘੱਟ ਜਾਂ ਸਭ ਤੋਂ ਵੱਧ ਮੁਲਾਂਕਣ ਕੀਤੀ ਬੋਲੀ ਚੁਣੇਗੀ, ਪਰੰਤੂ ਉਪਾਪਨ ਕਰਨ ਵਾਲੀ ਹਸਤੀ ਨੂੰ ਧਾਰਾ 24 ਦੀ ਅਨੁਸਾਰਤਾ ਵਿੱਚ ਬਾਕੀ ਸਾਰੀਆਂ ਬੋਲੀਆਂ ਨੂੰ ਨ-ਮਨਜ਼ੂਰ ਕਰਨ ਦਾ ਅਧਿਕਾਰ ਹੈ।

18. (1) ਉਪਾਪਨ ਜਾਂ ਉਪਾਪਨ ਦੀ ਸ੍ਰੇਣੀ ਦੇ ਵਿਸ਼ੇ-ਵਸਤੂ ਲਈ ਭਰੋਸੇਯੋਗ ਸੋਮੇ ਸਥਾਪਤ ਕਰਨ ਦੀ ਦ੍ਰਿਸ਼ਟੀ ਨਾਲ, ਜੋ ਆਮ ਤੌਰ ਤੇ ਉਪਾਪਨ ਕਰਨ ਵਾਲੀਆਂ ਹਸਤੀਆਂ ਵਿੱਚ ਲੋੜੀਂਦੇ ਹੋ ਸਕਦੇ ਹਨ ਜਾਂ ਇੱਕ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਵਾਰ-ਵਾਰ ਲੋੜੇ ਜਾਂਦੇ ਹਨ, ਇੱਕ ਉਪਾਪਨ ਕਰਨ ਵਾਲੀ ਹਸਤੀ ਰਜਿਸਟਰਸੁਦਾ ਬੋਲੀਕਾਰਾਂ ਦਾ ਪੈਨਲ ਰੱਖ ਸਕੇਗੀ। ਬੋਲੀਕਾਰਾਂ ਦਾ ਰਜਿਸਟਰੀਕਰਨ।

(2) ਉਪ-ਧਾਰਾ (1) ਦੇ ਪ੍ਰਯੋਜਨ ਲਈ, ਇੱਕ ਉਪਾਪਨ ਕਰਨ ਵਾਲੀ ਹਸਤੀ ਰਜਿਸਟਰ ਕਰਨ ਦੇ ਸੱਦੇ ਦਾ ਖੁੱਲ੍ਹਾ ਪ੍ਰਚਾਰ ਕਰਕੇ ਭਾਵੀ ਬੋਲੀਕਾਰਾਂ ਤੋਂ ਪੇਸ਼ਕਸ਼ਾਂ ਨੂੰ ਸੱਦਾ ਦੇ ਸਕਦੀ ਹੈ ਅਤੇ ਅਜਿਹਾ ਰਜਿਸਟਰੀਕਰਨ ਧਾਰਾ 14, ਇਸ ਧਾਰਾ ਅਤੇ ਬੋਲੀਕਾਰਾਂ ਦੇ ਰਜਿਸਟਰੀਕਰਨ ਦਸਤਾਵੇਜ਼ਾਂ ਵਿੱਚ ਦਿੱਤੇ ਗਏ ਮਾਨਦੰਡਾਂ ਦੀ ਅਨੁਸਾਰਤਾ ਵਿੱਚ ਕੀਤਾ ਜਾਵੇਗਾ।

(3) ਉਪਾਪਨ ਕਰਨ ਵਾਲੀਆਂ ਹਸਤੀਆਂ ਸੰਭਾਵੀ ਬੋਲੀਕਾਰਾਂ ਨੂੰ ਲਗਾਤਾਰ ਆਧਾਰ 'ਤੇ ਰਜਿਸਟਰੀਕਰਨ ਲਈ ਬਿਨੈ-ਪੱਤਰ ਦੇਣ ਦੀ ਇਜਾਜ਼ਤ ਦੇ ਕੇ ਜਾਂ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਰਜਿਸਟਰੀਕਰਨ ਲਈ ਪੇਸ਼ਕਸ਼ਾਂ ਨੂੰ ਸੱਦਾ ਦੇ ਕੇ ਰਜਿਸਟਰਸੁਦਾ ਬੋਲੀਕਾਰਾਂ ਦੀ ਸੂਚੀ ਨੂੰ ਅੱਪਡੇਟ ਕਰਨਗੀਆਂ।

(4) ਰਾਜ ਸਰਕਾਰ ਬੋਲੀਕਾਰਾਂ ਦੇ ਰਜਿਸਟਰੀਕਰਨ ਲਈ ਜ਼ਾਬਤਾ ਅਤੇ ਸ਼ਰਤਾਂ ਅਤੇ ਉਹ ਮੁੱਦਤ ਜਿਸ ਲਈ ਅਜਿਹਾ ਰਜਿਸਟਰੀਕਰਨ ਜਾਇਜ਼ ਹੈ, ਮੁਕੱਰਰ ਕਰ ਸਕੇਗੀ।

(5) ਜਿੱਥੇ ਕੋਈ ਉਪਾਪਨ ਕਰਨ ਵਾਲੀ ਹਸਤੀ ਉਪਾਪਨ ਦੇ ਵਿਸ਼ੇ-ਵਸਤੂ ਦੇ ਬਾਰੇ ਵਿੱਚ ਬੋਲੀਕਾਰਾਂ ਨੂੰ ਰਜਿਸਟਰ ਨਹੀਂ ਕਰਦੀ ਹੈ, ਤਾਂ ਉਹ ਕਿਸੇ ਹੋਰ ਉਪਾਪਨ ਕਰਨ ਵਾਲੀ ਹਸਤੀ ਦੇ ਰਜਿਸਟਰਸੁਦਾ ਬੋਲੀਕਾਰਾਂ ਦੀ ਸੂਚੀ, ਜੇਕਰ ਕੋਈ ਹੋਵੇ, ਵਰਤ ਸਕਦੀ ਹੈ।

(6) ਰਜਿਸਟਰੀਕਰਨ ਅਮਲ ਦੇ ਨਤੀਜੇ ਬੋਲੀਕਾਰਾਂ ਨੂੰ ਇਤਲਾਹ ਕੀਤੇ ਜਾਣਗੇ ਅਤੇ ਉਪਾਪਨ ਦੇ ਵਿਸ਼ੇ-ਵਸਤੂ ਲਈ ਰਜਿਸਟਰਸੁਦਾ ਬੋਲੀਕਾਰਾਂ ਦੀ ਸੂਚੀ ਰਾਜ ਜਨਤਕ ਉਪਾਪਨ ਪੋਰਟਲ ਤੇ ਪ੍ਰਕਾਸ਼ਤ ਕੀਤੀ ਜਾਵੇਗੀ।

ਮਿਆਰ ਬੋਲੀ ਦਸਤਾਵੇਜ਼।

19. (1) ਇੱਕ ਉਪਾਪਨ ਕਰਨ ਵਾਲੀ ਹਸਤੀ ਉਪਾਪਨ ਦੇ ਪ੍ਰਯੋਜਨ ਲਈ ਅਜਿਹੇ ਮਿਆਰੀ ਬੋਲੀ ਦਸਤਾਵੇਜ਼ਾਂ ਦੀ ਵਰਤੋਂ ਕਰੇਗੀ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਉਪਾਪਨ ਕਰਨ ਵਾਲੀ ਹਸਤੀ ਦੁਆਰਾ ਮਿਆਰੀ ਬੋਲੀ ਦਸਤਾਵੇਜ਼ ਦੀ ਵਰਤੋਂ ਤੋਂ ਪਰ੍ਹੇ ਜਾਣਾ ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਕਾਰਨਾਂ ਕਰਕੇ ਅਤੇ ਉਪਾਪਨ ਹਸਤੀ ਦੀ ਮੁਨਾਸਬ ਅਥਾਰਟੀ ਦੀ ਯੋਗ ਪ੍ਰਵਾਨਗੀ ਨਾਲ ਹੀ ਹੋਵੇਗਾ।

ਬੋਲੀਆਂ ਪੇਸ਼ ਕਰਨ ਲਈ ਸਮਾਂ ਸੀਮਾ।

20. (1) ਇੱਕ ਉਪਾਪਨ ਕਰਨ ਵਾਲੀ ਹਸਤੀ, ਬੋਲੀਕਾਰਾਂ ਦੁਆਰਾ ਬੋਲੀਆਂ ਪੇਸ਼ ਕਰਨ ਦੀ ਅੰਤਮ ਤਰੀਕ ਨਿਯਤ ਕਰਦੇ ਸਮੇਂ,-

(ੳ) ਬੋਲੀਕਾਰਾਂ ਨੂੰ ਆਪਣੀਆਂ ਬੋਲੀਆਂ ਤਿਆਰ ਕਰਨ ਅਤੇ ਪੇਸ਼ ਕਰਨ ਲਈ ਵਾਜਬ ਸਮਾਂ ਹੋਣ ਦੀ ਜ਼ਰੂਰਤ; ਅਤੇ

(ਅ) ਸਲਾਨਾ ਉਪਾਪਨ ਯੋਜਨਾ ਅਤੇ ਬੋਲੀ ਦਸਤਾਵੇਜ਼ ਵਿੱਚ ਜਿਵੇਂ ਨਿਰੁਪਤ ਕੀਤਾ ਗਿਆ ਹੈ, ਉਪਾਪਨ ਪ੍ਰਭਾਵੀ ਕਰਨ ਲਈ ਮੁੱਦਤ,

ਨੂੰ ਧਿਆਨ ਵਿੱਚ ਰੱਖੇਗੀ।

(2) ਧਾਰਾ 22 ਦੇ ਉਪਬੰਧਾਂ ਦੇ ਤਾਬੇ, ਬੋਲੀਆਂ ਪੇਸ਼ ਕਰਨ ਲਈ ਵੱਧ ਤੋਂ ਵੱਧ ਸਮਾਂ, ਜਿਵੇਂ ਦਿੱਤਾ ਜਾਵੇ, ਸਾਰੇ ਬੋਲੀਕਾਰਾਂ ਲਈ ਉਹੀ ਹੋਵੇਗਾ।

ਪੂਰਵ-ਬੋਲੀ ਸਪੱਸ਼ਟੀਕਰਨ।

21. (1) ਕੋਈ ਬੋਲੀਕਾਰ, ਬੋਲੀ ਦਸਤਾਵੇਜ਼ਾਂ ਦੇ ਬਾਰੇ ਵਿੱਚ ਉਪਾਪਨ ਹਸਤੀ ਤੋਂ, ਲਿਖਤੀ ਰੂਪ ਵਿੱਚ ਸਪੱਸ਼ਟੀਕਰਨ ਚਾਹ ਸਕੇਗਾ।

(2) ਉਪ-ਧਾਰਾ (1) ਦੇ ਅਧੀਨ ਬੋਲੀਕਾਰ ਜਿਸ ਮੁੱਦਤ ਦੇ ਅੰਦਰ ਸਪੱਸ਼ਟੀਕਰਨ ਚਾਹ ਸਕਣਗੇ ਅਤੇ ਜਿਸ ਮੁੱਦਤ ਦੇ ਅੰਦਰ ਉਪਾਪਨ ਕਰਨ ਵਾਲੀ ਹਸਤੀ ਸਪੱਸ਼ਟੀਕਰਨ ਲਈ ਅਜਿਹੀਆਂ ਬੇਨਤੀਆਂ ਦਾ ਜਵਾਬ ਦੇਵੇਗੀ, ਬੋਲੀ ਦਸਤਾਵੇਜ਼ਾਂ ਵਿੱਚ ਉਲਿਖਤ ਕੀਤੇ ਜਾਣਗੇ।

(3) ਸਪੱਸ਼ਟੀਕਰਨਾਂ ਲਈ ਸਾਰੀਆਂ ਬੇਨਤੀਆਂ ਅਤੇ ਇਸ ਦੇ ਜਵਾਬ ਸਾਰੇ ਬੋਲੀਕਾਰਾਂ ਨੂੰ ਇਤਲਾਹ ਕੀਤੇ ਜਾਣਗੇ ਅਤੇ ਜਿੱਥੇ ਲਾਗੂ ਹੋਵੇ, ਰਾਜ ਜਨਤਕ ਉਪਾਪਨ ਪੋਰਟਲ 'ਤੇ ਪ੍ਰਕਾਸ਼ਤ ਕੀਤੇ ਜਾਣਗੇ।

(4) ਇੱਕ ਉਪਾਪਨ ਕਰਨ ਵਾਲੀ ਹਸਤੀ ਕਿਸੇ ਖ਼ਾਸ ਉਪਾਪਨ ਦੇ ਬਾਰੇ ਵਿੱਚ ਸੰਭਾਵੀ ਬੋਲੀਕਾਰਾਂ ਦੇ ਸ਼ੰਕਿਆਂ ਨੂੰ ਦੂਰ ਕਰਨ ਲਈ ਇੱਕ ਪੂਰਵ-ਬੋਲੀ ਸੰਮੇਲਨ ਕਰ ਸਕੇਗੀ ਅਤੇ ਅਜਿਹੀ ਕਾਨਫ਼ਰੰਸ ਦੇ ਰਿਕਾਰਡ ਸਾਰੇ ਬੋਲੀਕਾਰਾਂ ਨੂੰ ਇਤਲਾਹ ਕੀਤੇ ਜਾਣਗੇ ਅਤੇ ਜਿੱਥੇ ਲਾਗੂ ਹੋਵੇ, ਰਾਜ ਜਨਤਕ ਉਪਾਪਨ ਪੋਰਟਲ 'ਤੇ ਪ੍ਰਕਾਸ਼ਤ ਕੀਤੇ ਜਾਣਗੇ।

22. (1) ਜੇਕਰ ਬੋਲੀ ਦਸਤਾਵੇਜ਼ਾਂ ਵਿੱਚ ਕੋਈ ਰੂਪਭੇਦ ਕੀਤਾ ਜਾਂਦਾ ਹੈ ਜਾਂ ਕੋਈ ਸਪੱਸ਼ਟੀਕਰਨ ਜਾਰੀ ਕੀਤਾ ਜਾਂਦਾ ਹੈ ਜੋ ਬੋਲੀ ਦਸਤਾਵੇਜ਼ਾਂ ਵਿਚਲੇ ਨਿਬੰਧਨਾਂ ਨੂੰ ਤਤਵਿਕ ਤੌਰ 'ਤੇ ਪ੍ਰਭਾਵਿਤ ਕਰਦਾ ਹੈ, ਤਾਂ ਉਪਾਪਨ ਕਰਨ ਵਾਲੀ ਹਸਤੀ ਅਜਿਹੇ ਰੂਪਭੇਦ ਜਾਂ ਸਪੱਸ਼ਟੀਕਰਨ ਨੂੰ ਅਰੰਭਕ ਬੋਲੀ ਦਸਤਾਵੇਜ਼ਾਂ ਦੇ ਪ੍ਰਕਾਸ਼ਨ ਦੇ ਤਰੀਕੇ ਨਾਲ ਹੀ ਪ੍ਰਕਾਸ਼ਤ ਕਰੇਗੀ। ਬੋਲੀ ਦਸਤਾਵੇਜ਼ਾਂ ਵਿੱਚ ਬਦਲਾਅ।

(2) ਬੋਲੀ ਦਸਤਾਵੇਜ਼ਾਂ ਵਿੱਚ ਕੋਈ ਸਪੱਸ਼ਟੀਕਰਨ ਜਾਂ ਰੂਪਭੇਦ ਜਾਰੀ ਕੀਤੇ ਜਾਣ ਦੀ ਸੂਰਤ ਵਿੱਚ, ਉਪਾਪਨ ਕਰਨ ਵਾਲੀ ਹਸਤੀ, ਬੋਲੀਆਂ ਪੇਸ਼ ਕਰਨ ਦੀ ਅੰਤਮ ਤਰੀਕ ਤੋਂ ਪਹਿਲਾਂ, ਬੋਲੀਕਾਰਾਂ ਨੂੰ ਉਨ੍ਹਾਂ ਦੀਆਂ ਬੋਲੀਆਂ ਪੇਸ਼ ਕਰਨ ਦੌਰਾਨ ਸਪੱਸ਼ਟੀਕਰਨ ਜਾਂ ਰੂਪਭੇਦ, ਜਿਹੀ ਕਿ ਸੂਰਤ ਹੋਵੇ, ਨੂੰ ਧਿਆਨ ਵਿੱਚ ਰੱਖਣ ਲਈ ਕਾਫ਼ੀ ਸਮਾਂ ਦੇਣ ਦੇ ਮੰਤਵ ਨਾਲ ਅਜਿਹੀ ਸਮਾਂ ਸੀਮਾ ਵਧਾ ਸਕੇਗੀ।

(3) ਕਿਸੇ ਵੀ ਬੋਲੀਕਾਰ ਜਿਸ ਨੇ ਮੂਲ ਸੱਦੇ ਦੇ ਜਵਾਬ ਵਿੱਚ ਆਪਣੀ ਬੋਲੀ ਜਮ੍ਹਾਂ ਕੀਤੀ ਹੈ, ਨੂੰ ਮੂਲ ਰੂਪ ਵਿੱਚ ਅਲਾਟ ਕੀਤੇ ਸਮੇਂ ਦੀ ਮੁੱਦਤ ਜਾਂ ਅਜਿਹੇ ਵਧਾਏ ਸਮੇਂ ਦੇ ਅੰਦਰ, ਜੋ ਬੋਲੀਆਂ ਜਮ੍ਹਾਂ ਕਰਾਉਣ ਲਈ ਦਿੱਤਾ ਜਾਵੇ, ਇਸ ਦਾ ਰੂਪਭੇਦ ਕਰਨ ਜਾਂ ਮੁੜ-ਜਮ੍ਹਾਂ ਕਰਾਉਣ ਦਾ ਮੌਕਾ ਮਿਲੇਗਾ ਜਦ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਬੋਲੀ ਦਸਤਾਵੇਜ਼ਾਂ ਵਿੱਚ ਬਦਲਾਅ ਕੀਤੇ ਜਾਂਦੇ ਹਨ:

ਪਰੰਤੂ ਅਜਿਹੇ ਮਾਮਲਿਆਂ ਵਿੱਚ, ਅੰਤਮ ਜਮ੍ਹਾਂ ਕੀਤੀ ਗਈ ਬੋਲੀ ਜਾਂ ਬੋਲੀ ਜਿਵੇਂ ਬੋਲੀਕਾਰ ਦੁਆਰਾ ਰੂਪਭੇਦ ਕੀਤੀ ਹੋਵੇ, ਨੂੰ ਮੁਲਾਂਕਣ ਲਈ ਵਿਚਾਰਿਆ ਜਾਵੇਗਾ।

23. ਜਿਵੇਂ ਬੋਲੀ ਦਸਤਾਵੇਜ਼ਾਂ ਵਿੱਚ ਅਧਿਕਥਿਤ ਕੀਤਾ ਜਾਵੇ, ਨਿਬੰਧਨਾਂ ਅਤੇ ਸ਼ਰਤਾਂ ਦੇ ਤਾਬੇ, ਬੋਲੀਆਂ ਦਾ ਜਮ੍ਹਾਂ ਹੋਣਾ, ਬੋਲੀਆਂ ਦਾ ਖੁੱਲ੍ਹਣਾ ਅਤੇ ਮੁਲਾਂਕਣ ਜਿਸ ਵਿੱਚ ਇਨ੍ਹਾਂ ਪ੍ਰਯੋਜਨਾਂ ਲਈ ਕਮੇਟੀਆਂ ਦਾ ਗਠਨ ਸ਼ਾਮਲ ਹੈ, ਨਿਯਮਾਂ, ਜਿਵੇਂ ਬਣਾਏ ਗਏ ਹੋਣ, ਦੀ ਅਨੁਸਾਰਤਾ ਵਿੱਚ ਹੋਵੇਗਾ। ਬੋਲੀਆਂ ਦੇ ਜਮ੍ਹਾਂ, ਖੁੱਲ੍ਹਣ ਅਤੇ ਮੁਲਾਂਕਣ ਸਬੰਧੀ ਜ਼ਾਬਤਾ।

24. (1) ਇੱਕ ਉਪਾਪਨ ਕਰਨ ਵਾਲੀ ਹਸਤੀ ਬੋਲੀ ਨੂੰ ਇਖ਼ਰਾਜ ਕਰੇਗੀ ਜੇਕਰ,- ਬੋਲੀਆਂ ਨੂੰ ਇਖ਼ਰਾਜ ਕਰਨਾ।

(ੳ) ਬੋਲੀਕਾਰ ਧਾਰਾ 14 ਦੇ ਨਿਬੰਧਨਾਂ ਦੇ ਅਨੁਸਾਰ ਕਾਬਲ ਨਹੀਂ ਹੈ; ਜਾਂ

(ਅ) ਬੋਲੀ, ਬੋਲੀ ਦਸਤਾਵੇਜ਼ਾਂ ਵਿੱਚ ਉਲਿਖਤ ਲੋੜਾਂ ਤੋਂ ਤਤਵਿਕ ਤੌਰ ਤੇ ਲਾਂਭੇ ਜਾਂਦੀ ਹੈ ਜਾਂ ਇਸ ਵਿੱਚ ਝੂਠੀ ਜਾਣਕਾਰੀ ਦਰਜ ਹੈ; ਜਾਂ

(ੲ) ਬੋਲੀ ਪੇਸ਼ ਕਰਨ ਵਾਲਾ ਬੋਲੀਕਾਰ, ਉਸ ਦਾ ਏਜੰਟ ਜਾਂ ਉਸ ਨਮਿੱਤ ਕਾਰਜ ਕਰ ਰਿਹਾ ਕੋਈ ਵੀ ਵਿਅਕਤੀ, ਉਪਾਪਨ ਅਮਲ ਨੂੰ ਨ-ਵਾਜਬ ਤੌਰ ਤੇ ਪ੍ਰਭਾਵਤ ਕਰਨ

ਲਈ ਉਪਾਪਨ ਹਸਤੀ ਜਾਂ ਹੋਰ ਸਰਕਾਰੀ ਅਥਾਰਟੀ ਦੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਨੂੰ ਕਿਸੇ ਵੀ ਰੂਪ ਵਿੱਚ ਕੋਈ ਪਰਿਤੋਸ਼ਣ ਜਾਂ ਕੋਈ ਹੋਰ ਮੁੱਲਵਾਨ ਚੀਜ਼ ਦਿੱਤੀ ਹੈ ਜਾਂ ਦੇਣ ਲਈ ਸਹਿਮਤ ਹੁੰਦਾ ਹੈ; ਜਾਂ

(ਸ) ਉਪਾਪਨ ਕਰਨ ਵਾਲੀ ਹਸਤੀ ਦੀ ਰਾਏ ਵਿੱਚ, ਇੱਕ ਬੋਲੀਕਾਰ ਦੇ ਹਿੱਤਾਂ ਦਾ ਟਕਰਾਅ ਹੋਵੇ ਜੋ ਨਿਰਪੱਖ ਮੁਕਾਬਲੇ ਨੂੰ ਤਤਵਿਕ ਤੌਰ ਤੇ ਪ੍ਰਭਾਵਿਤ ਕਰਦਾ ਹੈ।

(2) ਇੱਕ ਬੋਲੀ ਨੂੰ ਇਖ਼ਰਾਜ ਕਰ ਦਿੱਤਾ ਜਾਵੇਗਾ ਜਿਵੇਂ ਹੀ ਇਸ ਦੇ ਇਖ਼ਰਾਜ ਦਾ ਕਾਰਨ ਪਤਾ ਲੱਗਦਾ ਹੈ।

(3) ਉਪਾਪਨ ਕਰਨ ਵਾਲੀ ਹਸਤੀ ਦਾ ਬੋਲੀ ਨੂੰ ਇਖ਼ਰਾਜ ਕਰਨ ਦਾ ਹਰ ਫ਼ੈਸਲਾ ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਕਾਰਨਾਂ ਕਰਕੇ ਹੋਵੇਗਾ।

(4) ਉਪ-ਧਾਰਾ (3) ਅਧੀਨ ਉਪਾਪਨ ਕਰਨ ਵਾਲੀ ਹਸਤੀ ਦਾ ਹਰੇਕ ਫ਼ੈਸਲਾ,-

(ੳ) ਸਬੰਧਤ ਬੋਲੀਕਾਰ ਨੂੰ ਲਿਖਤੀ ਰੂਪ ਵਿੱਚ ਸੰਸੂਚਿਤ ਕੀਤਾ ਜਾਵੇਗਾ; ਅਤੇ

(ਅ) ਰਾਜ ਜਨਤਕ ਉਪਾਪਨ ਪੋਰਟਲ 'ਤੇ ਪ੍ਰਕਾਸ਼ਤ ਕੀਤਾ ਜਾਵੇਗਾ।

ਉਪਾਪਨ ਅਮਲ ਦੀ ਮਨਸੂਖੀ।

25. (1) ਇੱਕ ਉਪਾਪਨ ਕਰਨ ਵਾਲੀ ਹਸਤੀ, ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ, ਉਸ ਦੁਆਰਾ ਸ਼ੁਰੂ ਕੀਤੇ ਗਏ ਉਪਾਪਨ ਅਮਲ ਨੂੰ,-

(ੳ) ਸਫ਼ਲ ਬੋਲੀ ਦੀ ਸਵੀਕ੍ਰਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ; ਜਾਂ

(ਅ) ਉਪ-ਧਾਰਾਵਾਂ (4) ਅਤੇ (5) ਦੀ ਅਨੁਸਾਰਤਾ ਵਿੱਚ ਸਫ਼ਲ ਬੋਲੀ ਦੀ ਸਵੀਕ੍ਰਿਤੀ ਤੋਂ ਪਿੱਛੋਂ ਮਨਸੂਖ ਕਰ ਸਕੇਗੀ।

(2) ਉਪਾਪਨ ਕਰਨ ਵਾਲੀ ਹਸਤੀ ਦਾ ਉਪਾਪਨ ਨੂੰ ਮਨਸੂਖ ਕਰਨ ਦਾ ਫ਼ੈਸਲਾ ਲੈਣ ਤੋਂ ਪਿੱਛੋਂ ਕਿਸੇ ਵੀ ਬੋਲੀਆਂ ਜਾਂ ਤਜਵੀਜ਼ਾਂ ਨੂੰ ਨਹੀਂ ਖੋਲ੍ਹੇਗੀ ਅਤੇ ਅਜਿਹੀਆਂ ਅਣਖੋਲ੍ਹੀਆਂ ਬੋਲੀਆਂ ਜਾਂ ਤਜਵੀਜ਼ਾਂ ਵਾਪਸ ਕਰ ਦੇਵੇਗੀ।

(3) ਉਪਾਪਨ ਕਰਨ ਵਾਲੀ ਹਸਤੀ ਵੱਲੋਂ ਉਪਾਪਨ ਮਨਸੂਖ ਕਰਨ ਦੇ ਫ਼ੈਸਲੇ ਦੇ ਨਾਲ-ਨਾਲ ਅਜਿਹਾ ਕਰਨ ਦੇ ਕਾਰਨ ਨੂੰ ਉਪਾਪਨ ਅਮਲ ਵਿੱਚ ਭਾਗ ਲੈਣ ਵਾਲੇ ਸਾਰੇ ਬੋਲੀਕਾਰਾਂ ਨੂੰ ਤੁਰੰਤ ਸੰਸੂਚਿਤ ਕੀਤਾ ਜਾਵੇਗਾ।

(4) ਜੇ ਬੋਲੀਕਾਰ ਜਿਸ ਦੀ ਬੋਲੀ ਸਫ਼ਲ ਹੋਣ ਵਜੋਂ ਸਵੀਕ੍ਰਿਤ ਕੀਤੀ ਗਈ ਹੈ ਕਿਸੇ ਵੀ ਲਿਖਤੀ ਉਪਾਪਨ ਮੁਆਇਦੇ ਤੇ ਦਸਖ਼ਤ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਜਿਵੇਂ ਲੋੜਿਆ ਜਾਵੇ ਜਾਂ ਇਕਰਾਰਨਾਮੇ ਦੇ ਪਾਲਣ ਲਈ ਕੋਈ ਲੋੜੀਂਦੀ ਸਕਿਉਰਿਟੀ ਮੁਹੱਈਆ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਉਪਾਪਨ ਕਰਨ ਵਾਲੀ ਹਸਤੀ ਉਪਾਪਨ ਅਮਲ ਨੂੰ ਮਨਸੂਖ ਕਰ ਸਕੇਗੀ।

(5) ਜੇ ਕਿਸੇ ਬੋਲੀਕਾਰ ਨੂੰ ਇਸ ਐਕਟ ਦੇ ਅਧੀਨ ਕਿਸੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਜਾਂਦਾ ਹੈ, ਤਾਂ ਉਪਾਪਨ ਕਰਨ ਵਾਲੀ ਹਸਤੀ,-

(ੳ) ਸੁਸੰਗਤ ਉਪਾਪਨ ਅਮਲ ਨੂੰ ਮਨਸੂਖ ਕਰ ਸਕੇਗੀ ਜੇਕਰ ਸਿੱਧ-ਦੋਸ਼ ਬੋਲੀਕਾਰ ਦੀ ਬੋਲੀ ਨੂੰ ਸਫ਼ਲ ਘੋਸ਼ਿਤ ਕੀਤਾ ਗਿਆ ਹੈ ਪਰ ਉਪਾਪਨ ਮੁਆਇਦੇ ਦਾ ਕੋਈ ਇਕਰਾਰ ਨਹੀਂ ਕੀਤਾ ਗਿਆ ਹੈ; ਜਾਂ

(ਅ) ਸੁਸੰਗਤ ਮੁਆਇਦੇ ਨੂੰ ਵਿਖੰਡਤ ਜਾਂ ਮੁਆਇਦੇ ਦੇ ਮੁੱਲ ਦੇ ਸਾਰੇ ਜਾਂ ਇੱਕ ਹਿੱਸੇ ਦੀ ਅਦਾਇਗੀ ਜ਼ਬਤ ਕਰ ਸਕੇਗੀ ਜੇਕਰ ਉਪਾਪਨ ਕਰਨ ਵਾਲੀ ਹਸਤੀ ਅਤੇ ਸਿੱਧ-ਦੋਸ਼ ਬੋਲੀਕਾਰ ਵਿਚਕਾਰ ਉਪਾਪਨ ਮੁਆਇਦੇ ਦਾ ਕਰਾਰ ਹੋਇਆ ਹੋਵੇ।

ਕਾਲੀ ਸੂਚੀ ਵਿੱਚ ਦਰਜ ਕਰਨਾ।

26. (1) ਇੱਕ ਉਪਾਪਨ ਕਰਨ ਵਾਲੀ ਹਸਤੀ ਕੋਲ ਇੱਕ ਬੋਲੀ ਦੇਣ ਵਾਲੇ ਨੂੰ ਜਨਤਕ ਉਪਾਪਨ ਕਾਰਵਾਈਆਂ ਵਿੱਚ ਭਾਗ ਲੈਣ ਤੋਂ ਇੱਕ ਉਲਿਖਤ ਸਮੇਂ ਲਈ ਕਾਲੀ ਸੂਚੀ ਵਿੱਚ ਨਾਂ ਦਰਜ ਕਰਨ ਅਤੇ ਸਾਰੀਆਂ ਉਪਾਪਨ ਕਰਨ ਵਾਲੀਆਂ ਹਸਤੀਆਂ ਨੂੰ ਅਜਿਹੀਆਂ ਕਾਰਵਾਈਆਂ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕਰਨ ਦੀ ਸ਼ਕਤੀ ਹੋਵੇਗੀ।

(2) ਇੱਕ ਬੋਲੀਕਾਰ ਜਿਸ ਦਾ ਨਾਂ ਕਿਸੇ ਅੰਤਰਰਾਸ਼ਟਰੀ ਸੰਗਠਨ ਜਾਂ ਭਾਰਤ ਸਰਕਾਰ ਜਾਂ ਕਿਸੇ ਹੋਰ ਰਾਜ ਸਰਕਾਰ ਦੁਆਰਾ ਕਾਲੀ ਸੂਚੀ ਵਿੱਚ ਦਰਜ ਕੀਤਾ ਗਿਆ ਹੈ ਅਤੇ/ਜਾਂ ਜਨਤਕ ਉਪਾਪਨ ਵਿੱਚ ਭਾਗ ਲੈਣ ਤੋਂ ਵਰਜਤ ਕੀਤਾ ਗਿਆ ਹੈ, ਖੁਦ-ਬ-ਖੁਦ ਹੀ ਅਜਿਹੀ ਮੁੱਦਤ ਲਈ ਰਾਜ ਵਿੱਚ ਜਨਤਕ ਉਪਾਪਨ ਵਿੱਚ ਭਾਗ ਲੈਣ ਤੋਂ ਕਾਲੀ ਸੂਚੀ ਵਿੱਚ ਨਾਂ ਦਰਜ ਕੀਤਾ ਜਾਵੇਗਾ ਜਿਵੇਂ ਉਸ ਅੰਤਰਰਾਸ਼ਟਰੀ ਸੰਗਠਨ ਜਾਂ ਭਾਰਤ ਸਰਕਾਰ ਜਾਂ ਕਿਸੇ ਹੋਰ ਰਾਜ ਸਰਕਾਰ, ਜਿਹੀ ਕਿ ਸੂਰਤ ਹੋਵੇ, ਦੁਆਰਾ ਵਰਜਤ ਕੀਤਾ ਗਿਆ ਹੈ।

(3) ਇੱਕ ਬੋਲੀਕਾਰ ਨੂੰ ਜਨਤਕ ਉਪਾਪਨ ਜਾਂ ਨਿਪਟਾਰੇ ਦੀਆਂ ਕਾਰਵਾਈਆਂ ਵਿੱਚ ਭਾਗ ਲੈਣ ਤੋਂ ਕਾਲੀ ਸੂਚੀ ਵਿੱਚ ਦਰਜ ਕੀਤਾ ਜਾਵੇਗਾ ਜੇਕਰ,-

(ੳ) ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਬੋਲੀਕਾਰ ਵਿਰੁੱਧ ਕਪਟ ਜਾਂ ਭ੍ਰਿਸ਼ਟ ਆਚਰਣ ਸਥਾਪਤ ਹੋਵੇ; ਜਾਂ

(ਅ) ਬੋਲੀਕਾਰ ਬੋਲੀ ਸੁਨਿਸ਼ਚਿਤ ਕਰਾਉਣ ਵਾਲੀ ਘੋਸ਼ਣਾ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ; ਜਾਂ

(ੲ) ਬੋਲੀਕਾਰ ਇੱਕ ਉਪਾਪਨ ਮੁਆਇਦੇ ਨੂੰ ਭੰਗ ਕਰਦਾ ਹੈ; ਜਾਂ

(ਸ) ਬੋਲੀਕਾਰ ਬੋਲੀ ਦੀ ਕਾਰਵਾਈ ਦੌਰਾਨ ਆਪਣੀਆਂ ਕਾਬਲੀਅਤਾਂ ਬਾਰੇ ਝੂਠਾ ਦਰਸਾਵਾ ਕਰਦਾ ਹੈ।

(4) ਉਪ-ਧਾਰਾ (3) ਦੇ ਤਾਬੇ, ਕਾਲੀ ਸੂਚੀ ਵਿੱਚ ਨਾਂ ਦਰਜ ਕਰਨ ਦਾ ਜ਼ਾਬਤਾ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(5) ਇਸ ਧਾਰਾ ਦੇ ਅਨੁਸਰਣ ਵਿੱਚ ਕਾਲੀ ਸੂਚੀ ਵਿੱਚ ਦਰਜ ਬੋਲੀਕਾਰ ਉਸ ਤਰੀਕ ਤੋਂ ਇੱਕੀ ਦਿਨਾਂ ਦੇ ਅੰਦਰ ਅਜਿਹੇ ਫ਼ੈਸਲੇ ਵਿਰੁੱਧ ਅਪੀਲ ਕਰ ਸਕਦਾ ਹੈ ਜਦੋਂ ਉਸ ਨੂੰ ਇਸ ਬਾਰੇ ਪਤਾ ਲੱਗਿਆ ਸੀ ਜਾਂ ਅਜਿਹੇ ਫ਼ੈਸਲੇ ਬਾਰੇ ਜਾਣੂ ਹੋਣਾ ਚਾਹੀਦਾ ਸੀ।

(6) ਇੱਕ ਉਪਾਪਨ ਕਰਨ ਵਾਲੀ ਹਸਤੀ ਕਾਲੀ ਸੂਚੀ ਵਿੱਚ ਦਰਜ ਸਾਰੀਆਂ ਫ਼ਰਮਾਂ ਦਾ ਰਿਕਾਰਡ ਅਜਿਹੇ ਤਰੀਕੇ ਨਾਲ ਰੱਖੇਗੀ ਅਤੇ ਬਣਾਈ ਰੱਖੇਗੀ, ਜਿਵੇਂ ਮੁਕੱਰਰ ਕੀਤਾ ਜਾਵੇ।

(7) ਇਸ ਧਾਰਾ ਦੇ ਅਧੀਨ ਕਾਲੀ ਸੂਚੀ ਵਿੱਚ ਦਰਜ ਬੋਲੀਕਾਰ ਜਨਤਕ ਉਪਾਪਨ ਦੇ ਪ੍ਰਯੋਜਨਾਂ ਲਈ ਕਾਲੀ ਸੂਚੀ ਦੀ ਮੁੱਦਤ ਦੌਰਾਨ ਸਪਲਾਈ, ਮੁਆਇਦੇਕਾਰ ਜਾਂ ਮਸ਼ਵਰੇ ਜਾਂ ਸੇਵਾਵਾਂ ਫ਼ਰਮ ਰਾਹੀਂ ਬੋਲੀ ਦੇਣ ਦਾ ਪਾਤਰ ਨਹੀਂ ਹੋਵੇਗਾ।

(8) ਸਾਰੀਆਂ ਉਪਾਪਨ ਕਰਨ ਵਾਲੀਆਂ ਹਸਤੀਆਂ ਅਜਿਹੇ ਬੋਲੀਕਾਰ ਤੋਂ ਉਪਾਪਨ ਨਹੀਂ ਕਰਨਗੀਆਂ, ਉਸ ਨਾਲ ਮੁਆਇਦਾ ਨਹੀਂ ਕਰਨਗੀਆਂ ਜਾਂ ਉਸ ਨੂੰ ਵਚਨਬੱਧ ਨਹੀਂ ਕਰਨਗੀਆਂ ਜਿਸ ਨੂੰ ਇਸ ਐਕਟ ਦੇ ਅਨੁਸਰਣ ਵਿੱਚ ਜਨਤਕ ਉਪਾਪਨ ਕਾਰਵਾਈਆਂ ਵਿੱਚ ਹਿੱਸਾ ਲੈਣ ਤੋਂ ਰੋਕਣ ਲਈ ਕਾਲੀ ਸੂਚੀ ਵਿੱਚ ਦਰਜ ਕੀਤਾ ਗਿਆ ਹੈ।

(9) ਉਪਾਪਨ ਕਰਨ ਵਾਲੀ ਹਸਤੀ ਬੋਲੀਕਾਰ ਦਾ ਨਾਂ ਕਾਲੀ ਸੂਚੀ ਵਿੱਚ ਦਰਜ ਕਰਨ ਤੇ ਸੁਸੰਗਤ ਪੇਸ਼ਾਵਰਾਨਾ ਬੌਡੀਆਂ ਨੂੰ ਸੂਚਿਤ ਕਰੇਗੀ, ਜੇਕਰ ਲਾਗੂ ਹੋਵੇ।

(10) ਇਸ ਧਾਰਾ ਦੇ ਪ੍ਰਯੋਜਨ ਲਈ, ਕਾਲੀ ਸੂਚੀ ਵਿੱਚ ਦਰਜ ਬੋਲੀਕਾਰ ਵਿੱਚ ਕੰਪਨੀ ਜਾਂ ਫ਼ਰਮ ਜਾਂ ਸੀਮਤ ਦੇਣਦਾਰੀ ਭਾਈਵਾਲੀ, ਜਿਹੀ ਕਿ ਸੂਰਤ ਹੋਵੇ, ਦੇ ਸਾਰੇ ਡਾਇਰੈਕਟਰ/ਭਾਈਵਾਲ/ਮਾਲਕ/ਸਹਿਯੋਗੀ/ਚਾਲਕ ਸ਼ਾਮਲ ਹੋਣਗੇ।

## ਅਧਿਆਏ VI

## ਉਪਾਪਨ ਤਰੀਕੇ

27. (1) ਇਸ ਐਕਟ ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਉਪਬੰਧਾਂ ਦੇ ਤਾਬੇ, ਇੱਕ ਉਪਾਪਨ ਕਰਨ ਵਾਲੀ ਹਸਤੀ ਹੇਠ-ਲਿਖੇ ਤਰੀਕਿਆਂ ਵਿੱਚੋਂ ਕਿਸੇ ਵੀ ਤਰੀਕੇ ਨਾਲ ਉਪਾਪਨ ਦੇ ਵਿਸ਼ੇ-ਵਸਤੂ ਨੂੰ ਉਪਾਪਤ ਕਰ ਸਕਦੀ ਹੈ, ਅਰਥਾਤ:- ਉਪਾਪਨ ਦੇ ਤਰੀਕੇ।

(ੳ) ਖੁੱਲ੍ਹਾ ਮੁਕਾਬਲਾ ਬੋਲੀ; ਜਾਂ

(ਅ) ਸੀਮਤ ਬੋਲੀ; ਜਾਂ

(ੲ) ਦੋ-ਪੜਾਅ ਬੋਲੀ; ਜਾਂ

(ਸ) ਇਕਹਿਰਾ ਸਰੋਤ ਉਪਾਪਨ; ਜਾਂ

(ਹ) ਉਲਟ ਨਿਲਾਮੀ; ਜਾਂ

(ਕ) ਕੋਟੇਸ਼ਨਾਂ ਲਈ ਬੇਨਤੀ; ਜਾਂ

(ਖ) ਮੌਕੇ 'ਤੇ ਖਰੀਦ; ਜਾਂ

(ਗ) ਮੁਕਾਬਲਾ ਗੱਲਬਾਤ; ਜਾਂ

(ਘ) ਮੁਆਇਦਾ ਦਰ; ਜਾਂ

(ਙ) ਸਰਕਾਰੀ ਈ-ਬਾਜ਼ਾਰ (ਜੀ.ਈ.ਐੱਮ.); ਜਾਂ

(ਚ) ਸਵਿਸ ਚੁਣੌਤੀ; ਜਾਂ

(ਛ) ਰਾਜ ਸਰਕਾਰ ਦੁਆਰਾ ਅਧਿਸੂਚਿਤ ਉਪਾਪਨ ਦਾ ਕੋਈ ਹੋਰ ਤਰੀਕਾ ਜੋ ਇਸ ਐਕਟ ਵਿੱਚ ਦਰਜ ਉਪਾਪਨ ਦੇ ਸਿਧਾਂਤਾਂ ਨੂੰ ਪੂਰਾ ਕਰਦਾ ਹੈ ਅਤੇ ਜਿਸ ਨੂੰ ਰਾਜ ਸਰਕਾਰ ਜਨਤਕ ਹਿੱਤ ਵਿੱਚ ਜ਼ਰੂਰੀ ਸਮਝਦੀ ਹੋਵੇ।

(2) ਇਸ ਐਕਟ ਦੀ ਧਾਰਾ 33 ਵਿੱਚ ਉਪਬੰਧਤ ਦੇ ਸਿਵਾਏ, ਇਸ ਐਕਟ ਦੇ ਅਧੀਨ ਸਿਰੇ ਚਾੜ੍ਹੇ ਜਾਣ ਵਾਲੇ ਵੱਖ-ਵੱਖ ਪੜਾਵਾਂ ਅਤੇ ਉਪਾਪਨ ਦੀਆਂ ਕਿਸਮਾਂ ਲਈ ਈ-ਉਪਾਪਨ ਲਾਜ਼ਮੀ ਹੋਵੇਗਾ। ਇਸ ਲਈ, ਇਸ ਐਕਟ ਅਧੀਨ ਲਿਖਤੀ ਸੰਸੂਚਨਾ ਲਈ ਹਰੇਕ ਲੋੜ ਨੂੰ ਪੂਰਾ ਕੀਤਾ ਸਮਝਿਆ ਜਾਵੇਗਾ ਜੇਕਰ ਇਹ ਇਲੈਕਟ੍ਰਾਨਿਕ ਸਾਧਨਾਂ ਦੁਆਰਾ ਕੀਤਾ ਗਿਆ ਹੁੰਦਾ:

ਪਰੰਤੂ ਜੇਕਰ, ਉਪਾਪਨ ਕਰਨ ਵਾਲੀ ਹਸਤੀ ਇਸ ਐਕਟ ਅਧੀਨ ਜਨਤਕ ਉਪਾਪਨ ਨੂੰ, ਭੌਤਿਕ ਸਾਧਨਾਂ ਰਾਹੀਂ, ਸਿਰੇ ਚਾੜ੍ਹਨਾ ਚੁਣਦੀ ਹੈ, ਤਾਂ ਇਹ ਸਿਰਫ਼ ਪ੍ਰਬੰਧਕੀ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਪਿੱਛੋਂ ਹੀ ਹੋਵੇਗਾ।

(3) ਉਪਾਪਨ ਦੇ ਸੁਸੰਗਤ ਤਰੀਕੇ ਦੇ ਬਾਰੇ ਵਿੱਚ ਉਪਾਪਨ ਦੇ ਵਿਸ਼ੇ-ਵਸਤੂ ਨੂੰ ਉਪਾਪਤ ਕਰਨ ਵਿੱਚ, ਹਰੇਕ ਉਪਾਪਨ ਕਰਨ ਵਾਲੀ ਹਸਤੀ ਅਜਿਹਾ ਜ਼ਾਬਤਾ ਅਪਣਾਏਗੀ, ਜਿਵੇਂ ਮੁਕੱਰਰ ਕੀਤਾ ਜਾਵੇ।

(4) ਹਰ ਇੱਕ ਉਪਾਪਨ ਤਰੀਕੇ ਲਈ ਵਿੱਤੀ ਸੀਮਾ ਅਜਿਹੀ ਹੋਵੇਗੀ, ਜਿਵੇਂ ਮੁਕੱਰਰ ਕੀਤੀ ਜਾਵੇ।

ਖੁੱਲ੍ਹਾ ਮੁਕਾਬਲਾ ਬੋਲੀ।

28. (1) ਹਰੇਕ ਉਪਾਪਨ ਕਰਨ ਵਾਲੀ ਹਸਤੀ ਅਪਣਾਏ ਜਾ ਰਹੇ ਉਪਾਪਨ ਦੇ ਸਭ ਤੋਂ ਵੱਧ ਤਰਜੀਹ ਦਿੱਤੇ ਜਾਣ ਵਾਲੇ ਤਰੀਕੇ ਵਜੋਂ ਖੁੱਲ੍ਹਾ ਮੁਕਾਬਲਾ ਬੋਲੀ ਨੂੰ ਤਰਜੀਹ ਦੇਵੇਗੀ।

(2) ਧਾਰਾ 31 ਦੇ ਨਿਬੰਧਨਾਂ ਦੇ ਅਨੁਸਾਰ ਦੋ ਪੜਾਵੀ ਬੋਲੀ, ਧਾਰਾ 32 ਦੇ ਨਿਬੰਧਨਾਂ ਦੇ ਅਨੁਸਾਰ ਉਲਟ ਨਿਲਾਮੀ ਅਤੇ ਧਾਰਾ 35 ਦੇ ਨਿਬੰਧਨਾਂ ਦੇ ਅਨੁਸਾਰ ਮੁਆਇਦਾ ਦਰ ਦੇ ਮਾਮਲੇ ਵਿੱਚ ਵੀ ਖੁੱਲ੍ਹਾ ਮੁਕਾਬਲਾ ਬੋਲੀ ਅਪਣਾਈ ਜਾ ਸਕੇਗੀ।

(3) ਉਪਾਪਨ ਕਰਨ ਵਾਲੀ ਹਸਤੀ ਧਾਰਾ 16 ਵਿੱਚ ਉਲਿਖਤ ਕੀਤੇ ਪੂਰਵ-ਕਾਬਲੀਅਤ ਜ਼ਾਬਤੇ ਨੂੰ ਅਪਣਾ ਸਕੇਗੀ ਅਤੇ ਸਿਰਫ਼ ਪੂਰਵ-ਕਾਬਲ ਪ੍ਰਾਪਤ ਬੋਲੀਕਾਰਾਂ ਤੋਂ ਹੀ ਬੋਲੀਆਂ ਮੰਗ ਸਕੇਗੀ।

(4) ਜਿੱਥੇ ਉਪਾਪਨ ਕਰਨ ਵਾਲੀ ਹਸਤੀ ਖੁੱਲ੍ਹਾ ਮੁਕਾਬਲਾ ਬੋਲੀ ਤੋਂ ਇਲਾਵਾ ਉਪਾਪਨ ਦਾ ਕੋਈ ਹੋਰ ਤਰੀਕਾ ਚੁਣਦੀ ਹੈ, ਤਾਂ ਉਹ ਇਸ ਦੇ ਕਾਰਨਾਂ ਅਤੇ ਹਾਲਾਤਾਂ ਨੂੰ ਕਲਮਬੰਦ ਕਰੇਗੀ।

(5) ਖੁੱਲ੍ਹਾ ਮੁਕਾਬਲਾ ਬੋਲੀ ਦੀ ਸੂਰਤ ਵਿੱਚ, ਉਪਾਪਨ ਕਰਨ ਵਾਲੀ ਹਸਤੀ ਰਾਜ ਜਨਤਕ ਪੋਰਟਲ ਤੇ ਬੋਲੀ ਲਈ ਸੱਦਾ ਪ੍ਰਕਾਸ਼ਤ ਕਰਕੇ ਅਤੇ ਘੱਟੋ-ਘੱਟ ਇੱਕ ਅਜਿਹੇ ਹੋਰ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਜਾਵੇ, ਬੋਲੀਆਂ ਨੂੰ ਸੱਦਾ ਦੇਵੇਗੀ।

29. (1) ਉਪਾਪਨ ਕਰਨ ਵਾਲੀ ਹਸਤੀ ਬੋਲੀ ਦੇ ਸੀਮਤ ਤਰੀਕੇ ਦੁਆਰਾ ਉਪਾਪਨ ਦੇ ਵਿਸ਼ੇ-ਵਸਤੂ ਨੂੰ ਉਪਾਪਤ ਕਰਨ ਲਈ ਚੁਣ ਸਕਦੀ ਹੈ, ਜੇਕਰ,- ਸੀਮਤ ਬੋਲੀ।

(ੳ) ਉਪਾਪਨ ਦੇ ਵਿਸ਼ੇ-ਵਸਤੂ ਦੀ ਸਪਲਾਈ ਸਿਰਫ਼ ਸੀਮਤ ਗਿਣਤੀ ਦੇ ਬੋਲੀਕਾਰਾਂ ਦੁਆਰਾ ਕੀਤੀ ਜਾ ਸਕਦੀ ਹੈ; ਜਾਂ

(ਅ) ਵੱਡੀ ਗਿਣਤੀ ਵਿੱਚ ਬੋਲੀਆਂ ਦੀ ਪਰਖ ਅਤੇ ਮੁਲਾਂਕਣ ਕਰਨ ਲਈ ਪਲਚਤ ਸਮਾਂ ਅਤੇ ਲਾਗਤ ਉਪਾਪਨ ਦੇ ਵਿਸ਼ੇ-ਵਸਤੂ ਦੇ ਮੁੱਲ ਦੇ ਬਰਾਬਰ ਨਹੀਂ ਹੋ ਸਕਦੀ;

(ੲ) ਅਣਚਿੰਤਿਆ ਘਟਨਾਵਾਂ ਦੁਆਰਾ ਲਿਆਂਦੀ ਗਈ ਅਤਿ-ਜ਼ਰੂਰੀ ਸਥਿਤੀ ਦੇ ਕਾਰਨ, ਉਪਾਪਨ ਕਰਨ ਵਾਲੀ ਹਸਤੀ ਦੀ ਰਾਏ ਹੈ ਕਿ ਉਪਾਪਨ ਦੇ ਵਿਸ਼ੇ-ਵਸਤੂ ਨੂੰ ਖੁੱਲ੍ਹਾ ਮੁਕਾਬਲਾ ਬੋਲੀ ਦੇ ਤਰੀਕੇ ਨੂੰ ਅਪਣਾ ਕੇ ਉਪਯੋਗੀ ਤਰੀਕੇ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ; ਜਾਂ

(ਸ) ਧਾਰਾ 13 ਦੀ ਉਪ-ਧਾਰਾ (2) ਦੇ ਨਿਬੰਧਨਾਂ ਦੇ ਅਨੁਸਾਰ ਭਾਵੀ ਬੋਲੀਕਾਰਾਂ ਦੀ ਸ਼੍ਰੇਣੀ ਤੋਂ ਉਪਾਪਨ ਜ਼ਰੂਰੀ ਹੈ।

(2) ਇਸ ਨਮਿੱਤ ਬਣਾਏ ਗਏ ਨਿਯਮਾਂ ਦੇ ਤਾਬੇ, ਸੀਮਤ ਬੋਲੀ ਦੇ ਜ਼ਾਬਤੇ ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ, ਅਰਥਾਤ:-

(ੳ) ਉਪਾਪਨ ਕਰਨ ਵਾਲੀ ਹਸਤੀ,-

(i) ਸਾਰੇ ਬੋਲੀਕਾਰਾਂ ਨੂੰ ਜੋ ਉਪ-ਧਾਰਾ (1) ਦੇ ਖੰਡ (ੳ) ਦੇ ਨਿਬੰਧਨਾਂ ਦੇ ਅਨੁਸਾਰ ਉਪਾਪਨ ਦੇ ਵਿਸ਼ੇ-ਵਸਤੂ ਦੀ ਸਪਲਾਈ ਕਰ ਸਕਦੇ ਹਨ;

(ii) ਸਾਰੇ ਬੋਲੀਕਾਰ ਜੋ ਉਪਾਪਨ ਦੇ ਵਿਸ਼ੇ-ਵਸਤੂ ਲਈ ਉਪਾਪਨ ਕਰਨ ਵਾਲੀ ਹਸਤੀ ਜਾਂ ਕਿਸੇ ਹੋਰ ਉਪਾਪਨ ਕਰਨ ਵਾਲੀ ਹਸਤੀ ਨਾਲ ਰਜਿਸਟਰਸ਼ੁਦਾ ਹਨ, ਜਿੱਥੇ ਉਪਾਪਨ ਕਰਨ ਵਾਲੀ ਹਸਤੀ ਧਾਰਾ 18 ਦੀ ਉਪ-ਧਾਰਾ (5) ਦੇ ਨਿਬੰਧਨਾਂ ਦੇ ਅਨੁਸਾਰ ਅਜਿਹੀ ਹੋਰ ਉਪਾਪਨ ਕਰਨ ਵਾਲੀ ਹਸਤੀ ਦੇ ਰਜਿਸਟਰਸ਼ੁਦਾ ਬੋਲੀਕਾਰਾਂ ਦੀ ਸੂਚੀ ਦੀ ਵਰਤੋਂ ਕਰਦੀ ਹੈ; ਜਾਂ

(iii) ਉਪ-ਧਾਰਾ (1) ਦੇ ਖੰਡ (ਅ) ਦੀ ਸੂਰਤ ਵਿੱਚ, ਪ੍ਰਭਾਵਸ਼ਾਲੀ ਮੁਕਾਬਲੇ ਨੂੰ ਯਕੀਨੀ ਬਣਾਉਣ ਲਈ, ਇੱਕ ਚੋਖੀ ਗਿਣਤੀ ਦੇ ਬੋਲੀਕਾਰਾਂ, ਜੋ ਗੈਰ

ਭੇਦਭਾਵਪੂਰਨ ਢੰਗ ਨਾਲ ਚੁਣੇ ਗਏ ਉਪਾਪਨ ਦੇ ਵਿਸ਼ੇ-ਵਸਤੂ ਦੀ ਸਪਲਾਈ ਕਰ ਸਕਦੇ ਹਨ;

ਨੂੰ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਅਤੇ ਉਸੇ ਦਿਨ ਬੋਲੀ ਲਗਾਉਣ ਲਈ ਸੱਦਾ ਜਾਰੀ ਕਰੇਗੀ; ਅਤੇ

(ਅ) ਇੱਕ ਉਪਾਪਨ ਕਰਨ ਵਾਲੀ ਹਸਤੀ ਸਾਰੇ ਭਾਵੀ ਬੋਲੀਕਾਰਾਂ, ਜੋ ਉਪਾਪਨ ਲਈ ਅਧਿਕਥਿਤ ਕਾਬਲੀਅਤ ਮਾਨ-ਦੰਡਾਂ ਨੂੰ ਪੂਰਾ ਕਰਦੇ ਹੋਣ, ਭਾਵੇਂ ਅਜਿਹੇ ਬੋਲੀਕਾਰ ਨੂੰ ਬੋਲੀ ਅਮਲ ਵਿੱਚ ਭਾਗ ਲੈਣ ਲਈ ਸੱਦਾ ਜਾਰੀ ਕੀਤਾ ਗਿਆ ਹੈ ਜਾਂ ਨਹੀਂ, ਨੂੰ ਬੋਲੀ ਅਮਲ ਵਿੱਚ ਭਾਗ ਲੈਣ ਦੀ ਇਜਾਜ਼ਤ ਦੇ ਸਕਦੀ ਹੈ।

ਇਕਹਿਰਾ ਸਰੋਤ ਉਪਾਪਨ।

30. (1) ਉਪਾਪਨ ਕਰਨ ਵਾਲੀ ਹਸਤੀ ਉਪਾਪਨ ਦੇ ਵਿਸ਼ੇ-ਵਸਤੂ ਨੂੰ ਉਪਾਪਤ ਕਰਨ ਲਈ ਇਕਹਿਰੇ ਸਰੋਤ ਉਪਾਪਨ ਦੇ ਤਰੀਕੇ ਦੁਆਰਾ ਚੁਣ ਸਕਦੀ ਹੈ, ਜੇ,-

(ੳ) ਉਪਾਪਨ ਦਾ ਵਿਸ਼ਾ-ਵਸਤੂ ਸਿਰਫ਼ ਇੱਕ ਖ਼ਾਸ ਭਾਵੀ ਬੋਲੀਕਾਰ ਤੋਂ ਉਪਲੱਬਧ ਹੈ, ਜਾਂ ਇੱਕ ਖ਼ਾਸ ਭਾਵੀ ਬੋਲੀਕਾਰ ਕੋਲ ਉਪਾਪਨ ਦੇ ਵਿਸ਼ੇ-ਵਸਤੂ ਦੇ ਬਾਰੇ ਵਿੱਚ ਨਿਰੋਲ ਅਧਿਕਾਰ ਹਨ, ਕਿ ਅਜਿਹਾ ਕੋਈ ਵਾਜਬ ਵਿਕਲਪ ਜਾਂ ਇਵਜ਼ੀ ਸਰੋਤ ਮੌਜੂਦ ਨਹੀਂ ਹੈ, ਅਤੇ ਇਸ ਲਈ, ਕਿਸੇ ਹੋਰ ਉਪਾਪਨ ਵਿਧੀ ਦੀ ਵਰਤੋਂ ਸੰਭਵ ਨਹੀਂ ਹੋਵੇਗੀ; ਜਾਂ

(ਅ) ਅਣ-ਚਿੰਤਿਆ ਅਚਾਨਕ ਘਟਨਾ ਦੇ ਕਾਰਨ, ਉਪਾਪਨ ਦੇ ਵਿਸ਼ੇ-ਵਸਤੂ ਦੀ ਅਤਿਅੰਤ ਜ਼ਰੂਰੀ ਲੋੜ ਹੈ, ਅਤੇ ਉਪਾਪਨ ਦੇ ਕਿਸੇ ਹੋਰ ਵਿਧੀ ਵਿੱਚ ਵਚਨਬੱਧ ਹੋਣਾ, ਅਣ-ਅਮਲਯੋਗ ਹੋਵੇਗਾ; ਜਾਂ

(ੲ) ਉਪਾਪਨ ਕਰਨ ਵਾਲੀ ਹਸਤੀ, ਕਿਸੇ ਪੂਰਤੀਕਾਰ ਤੋਂ ਵਸਤੂਆਂ, ਸਾਜ਼-ਸਮਾਨ, ਤਕਨਾਲੋਜੀ ਜਾਂ ਸੇਵਾਵਾਂ ਹਾਸਲ ਕਰਨ ਤੋਂ ਬਾਅਦ ਇਹ ਤੈਅ ਕਰਦੀ ਹੈ ਕਿ ਮਿਆਰੀਕਰਨ ਦੇ ਕਾਰਨਾਂ ਕਰਕੇ ਜਾਂ ਮੌਜੂਦਾ ਵਸਤੂਆਂ, ਸਾਜ਼-ਸਮਾਨ, ਤਕਨਾਲੋਜੀ ਜਾਂ ਸੇਵਾਵਾਂ ਨਾਲ ਅਨੁਕੂਲਤਾ ਦੀ ਜ਼ਰੂਰਤ ਦੇ ਕਾਰਨ ਉਸ ਪੂਰਤੀਕਾਰ ਤੋਂ ਵਾਧੂ ਪੂਰਤੀਆਂ ਜਾਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ; ਜਾਂ

(ਸ) ਉਪਾਪਨ ਦੇ ਵਿਸ਼ੇ-ਵਸਤੂ ਲਈ ਇੱਕ ਮੌਜੂਦਾ ਮੁਆਇਦਾ ਹੈ ਜਿਹੜਾ ਵਾਧੂ ਵਸਤੂਆਂ, ਕੰਮਾਂ ਜਾਂ ਸੇਵਾਵਾਂ ਲਈ ਵਧਾਇਆ ਜਾ ਸਕਦਾ ਹੈ ਅਤੇ ਉਪਾਪਨ ਕਰਨ ਵਾਲੀ ਹਸਤੀ ਸੰਤੁਸ਼ਟ ਹੈ ਕਿ ਹੋਰ ਮੁਕਾਬਲੇਬਾਜ਼ੀ ਦੁਆਰਾ ਕੋਈ ਲਾਭ ਪ੍ਰਾਪਤ ਨਹੀਂ ਕੀਤਾ ਜਾਵੇਗਾ, ਕੀਮਤਾਂ ਵਾਜਬ ਹਨ ਅਤੇ ਅਜਿਹੇ ਵਾਧੇ ਲਈ ਮੂਲ ਮੁਆਇਦੇ ਵਿੱਚ ਉਪਬੰਧ ਮੌਜੂਦ ਹੈ; ਜਾਂ

(ਹ) ਉਪਾਪਨ ਕਰਨ ਵਾਲੀ ਹਸਤੀ ਤੈਅ ਕਰਦੀ ਹੈ ਕਿ ਉਪਾਪਨ ਦੀ ਕਿਸੇ ਹੋਰ ਵਿਧੀ ਦੀ ਵਰਤੋਂ ਰਾਸ਼ਟਰੀ ਸੁਰੱਖਿਆ ਹਿੱਤਾਂ ਦੀ ਰੱਖਿਆ ਲਈ ਮੁਨਾਸਬ ਨਹੀਂ ਹੈ; ਜਾਂ

(ਕ) ਧਾਰਾ 13 ਦੀ ਉਪ-ਧਾਰਾ (2) ਦੇ ਨਿਬੰਧਨਾਂ ਦੇ ਅਨੁਸਾਰ ਕਿਸੇ ਖ਼ਾਸ ਭਾਵੀ ਬੋਲੀਕਾਰ ਤੋਂ ਉਪਾਪਨ ਜ਼ਰੂਰੀ ਹੈ; ਜਾਂ

(ਖ) ਵਿਸ਼ਾ-ਵਸਤੂ ਕਲਾਤਮਕ ਪ੍ਰਕਿਰਤੀ ਦਾ ਹੈ; ਜਾਂ

(ਗ) ਉਪਾਪਨ ਦਾ ਵਿਸ਼ਾ-ਵਸਤੂ ਅਜਿਹੀ ਪ੍ਰਕਿਰਤੀ ਦਾ ਹੈ ਜੋ ਉਪਾਪਨ ਕਰਨ ਵਾਲੀ ਹਸਤੀ ਤੋਂ ਗੁਪਤਤਾ ਬਣਾਈ ਰੱਖਣਾ ਲੋੜਦਾ ਹੈ।

(2) ਇਸ ਨਮਿੱਤ ਬਣਾਏ ਗਏ ਨਿਯਮਾਂ ਦੇ ਤਾਬੇ, ਇਕਹਿਰੇ ਸਰੋਤ ਉਪਾਪਨ ਦੇ ਜ਼ਾਬਤੇ ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ, ਅਰਥਾਤ:-

(ੳ) ਉਪਾਪਨ ਕਰਨ ਵਾਲੀ ਹਸਤੀ ਇਕਹਿਰੀ ਭਾਵੀ ਬੋਲੀ ਦੇਣ ਵਾਲੇ ਤੋਂ ਬੋਲੀ ਦੀ ਜਾਂਚਨਾ ਕਰੇਗੀ; ਅਤੇ

(ਅ) ਉਪਾਪਨ ਕਰਨ ਵਾਲੀ ਹਸਤੀ ਬੋਲੀਕਾਰ ਨਾਲ ਨੇਕ-ਨੀਤੀ ਨਾਲ ਗੱਲਬਾਤ ਕਰ ਸਕਦੀ ਹੈ।

31. (1) ਉਪਾਪਨ ਕਰਨ ਵਾਲੀ ਹਸਤੀ ਉਪਾਪਨ ਦੇ ਵਿਸ਼ੇ-ਵਸਤੂ ਨੂੰ ਦੋ ਪੜਾਅ ਬੋਲੀ ਦੀ ਵਿਧੀ ਦੁਆਰਾ ਉਪਾਪਨ ਕਰਨਾ ਚੁਣ ਸਕਦੀ ਹੈ, ਜੇਕਰ,- ਦੋ ਪੜਾਅ ਬੋਲੀ।

(ੳ) ਉਪਾਪਨ ਕਰਨ ਵਾਲੀ ਹਸਤੀ ਲਈ ਬੋਲੀਕਾਰਾਂ ਤੋਂ ਇਸ ਦੇ ਤਕਨੀਕੀ ਪਹਿਲੂਆਂ ਬਾਰੇ ਬਿਨਾਂ ਆਦਾਨ ਪ੍ਰਾਪਤ ਕੀਤੇ, ਉਪਾਪਨ ਦੇ ਵਿਸ਼ੇ-ਵਸਤੂ ਲਈ ਵਿਸਥਾਰਪੂਰਬਕ ਵਿਸ਼ੇਸ਼ ਵਿਵਰਣਾਂ ਨੂੰ ਸੂਤਰਿਤ ਕਰਨਾ ਜਾਂ ਵਿਸ਼ਿਸ਼ਟ ਲੱਛਣਾਂ ਦੀ ਪਛਾਣ ਕਰਨਾ ਸੰਭਵ ਨਹੀਂ ਹੈ; ਜਾਂ

(ਅ) ਖੁੱਲ੍ਹਾ ਮੁਕਾਬਲਾ ਬੋਲੀ ਨੂੰ ਅਸੰਭਵ ਬਣਾਉਣ ਲਈ ਉਪਾਪਨ ਦੇ ਵਿਸ਼ੇ-ਵਸਤੂ ਦਾ ਰੂਪ ਅਜਿਹੀ ਤੇਜ ਤਕਨੀਕੀ ਉੱਨਤੀਆਂ ਅਤੇ ਬਾਜ਼ਾਰ ਦੇ ਉਤਰਾਅ ਚੜ੍ਹਾਅ ਦੇ ਤਾਬੇ ਹੈ; ਜਾਂ

(ਏ) ਉਪਾਪਨ ਕਰਨ ਵਾਲੀ ਹਸਤੀ ਖੋਜ, ਪ੍ਰਯੋਗ, ਅਧਿਐਨ ਜਾਂ ਵਿਕਾਸ ਦੇ ਪ੍ਰਯੋਜਨ ਲਈ ਇੱਕ ਮੁਆਇਦਾ ਕਰਨਾ ਚਾਹੁੰਦੀ ਹੈ, ਸਿਵਾਏ ਜਿੱਥੇ ਮੁਆਇਦੇ ਵਿੱਚ ਉਨ੍ਹਾਂ ਦੀ ਵਣਜਕ ਵਿਵਹਾਰਕਤਾ ਸਥਾਪਤ ਕਰਨ ਜਾਂ ਖੋਜ ਅਤੇ ਵਿਕਾਸ ਲਾਗਤਾਂ ਨੂੰ ਵਸੂਲ ਕਰਨ ਲਈ ਕਾਫ਼ੀ ਮਿਕਦਾਰਾਂ ਵਿੱਚ ਚੀਜਾਂ ਦਾ ਉਤਪਦਾਨ ਸ਼ਾਮਲ ਹੈ; ਜਾਂ

(ਸ) ਬੋਲੀਕਾਰ ਤੋਂ ਵਿਸਥਾਰ-ਪੂਰਬਕ ਸਰਵੇਖਣ ਜਾਂ ਜਾਂਚ ਕਰਨ ਅਤੇ ਖ਼ਾਸ ਉਪਾਪਨ ਨਾਲ ਸਹਿਯੁਕਤ ਜੋਖਮਾਂ, ਲਾਗਤਾਂ ਅਤੇ ਬਾਂਧਾਂ ਦਾ ਸਰਬ-ਪੱਖੀ ਮੁਲਾਂਕਣ ਕਰਨ ਦੀ ਆਸ ਕੀਤੀ ਜਾਂਦੀ ਹੈ।

(2) ਇਸ ਨਮਿੱਤ ਬਣਾਏ ਗਏ ਨਿਯਮਾਂ ਦੇ ਤਾਬੇ, ਦੋ ਪੜਾਵੀ ਬੋਲੀ ਦੇ ਜ਼ਾਬਤੇ ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ, ਅਰਥਾਤ:-

(ੳ) ਬੋਲੀ ਅਮਲ ਦੇ ਪਹਿਲੇ ਪੜਾਅ ਵਿੱਚ, ਉਪਾਪਨ ਕਰਨ ਵਾਲੀ ਹਸਤੀ ਬਿਨ੍ਹਾਂ ਬੋਲੀ ਕੀਮਤ ਦੇ ਤਜਵੀਜ਼ਤ ਉਪਾਪਨ ਦੇ ਤਕਨੀਕੀ ਪਹਿਲੂਆਂ ਅਤੇ ਮੁਆਇਦੇ ਦੇ ਨਿਬੰਧਨਾਂ ਅਤੇ ਸ਼ਰਤਾਂ ਵਾਲੀਆਂ ਬੋਲੀਆਂ ਨੂੰ ਸੱਦਾ ਦੇਵੇਗੀ;

(ਅ) ਪਹਿਲੇ ਪੜਾਅ ਦੀਆਂ ਸਾਰੀਆਂ ਬੋਲੀਆਂ, ਜੋ ਹੋਰ ਤਰ੍ਹਾਂ ਪਾਤਰ ਹਨ, ਦਾ ਮੁਲਾਂਕਣ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਗਠਤ ਇੱਕ ਮੁਨਾਸਬ ਕਮੇਟੀ ਦੁਆਰਾ ਨਿਯਮਾਂ ਵਿੱਚ ਅਧਿ-ਕਥਿਤ ਜ਼ਾਬਤੇ ਦੀ ਅਨੁਸਾਰਤਾ ਵਿੱਚ ਕੀਤਾ ਜਾਵੇਗਾ;

(ੲ) ਕਮੇਟੀ ਬੋਲੀਕਾਰਾਂ ਨਾਲ ਚਰਚਾਵਾਂ ਕਰ ਸਕਦੀ ਹੈ ਅਤੇ ਜੇ ਅਜਿਹੀ ਕੋਈ ਚਰਚਾ ਹੁੰਦੀ ਹੈ ਤਾਂ ਸਾਰੇ ਬੋਲੀਕਾਰਾਂ ਨੂੰ ਚਰਚਾਵਾਂ ਵਿੱਚ ਭਾਗ ਲੈਣ ਲਈ ਬਰਾਬਰ ਮੌਕਾ ਦਿੱਤਾ ਜਾਵੇਗਾ;

(ਸ) ਉਪਾਪਨ ਦੇ ਸੁਸੰਗਤ ਨਿਬੰਧਨਾਂ ਅਤੇ ਸ਼ਰਤਾਂ ਨੂੰ ਸੋਧਣ ਵਿੱਚ, ਉਪਾਪਨ ਕਰਨ ਵਾਲੀ ਹਸਤੀ ਖੁਦ-ਉਪਾਪਨ ਮੂਲ ਪ੍ਰਕਿਰਤੀ ਵਿੱਚ ਰੂਪਭੇਦ ਨਹੀਂ ਕਰੇਗੀ ਪ੍ਰੰਤੂ ਉਪਾਪਨ ਦੇ

ਵਿਸ਼ੇ-ਵਸਤੂ ਜਾਂ ਮੁਲਾਂਕਣ ਲਈ ਮਾਨ-ਦੰਡਾਂ ਦੇ ਕਿਸੇ ਵੀ ਵਿਸ਼ਿਸਟ ਵਿਵਰਣਾਂ ਨੂੰ ਜੋੜ, ਸੋਧ ਜਾਂ ਕੱਢ ਸਕਦੀ ਹੈ;

(ਹ) ਧਾਰਾ 28 ਅਤੇ 29 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਉਪਾਪਨ ਦੇ ਨਿਬੰਧਨਾਂ ਅਤੇ ਸ਼ਰਤਾਂ ਦੇ ਸੋਧੇ ਹੋਏ ਸੈੱਟ ਦੇ ਜਵਾਬ ਵਿੱਚ ਬੋਲੀ ਕੀਮਤਾਂ ਦੇ ਨਾਲ ਅੰਤਮ ਬੋਲੀ ਪੇਸ਼ ਕਰਨ ਲਈ, ਉਪਾਪਨ ਕਰਨ ਵਾਲੀ ਹਸਤੀ ਉਨ੍ਹਾਂ ਸਾਰੇ ਬੋਲੀਕਾਰਾਂ ਤੋਂ, ਬੋਲੀ ਪ੍ਰਕਿਰਿਆ ਦੇ ਦੂਜੇ ਪੜਾਅ ਵਿੱਚ, ਬੋਲੀਆਂ ਸੱਦੇਗੀ ਜਿਨ੍ਹਾਂ ਦੀਆਂ ਬੋਲੀਆਂ ਪਹਿਲੇ ਪੜਾਅ ਤੇ ਰੱਦ ਨਹੀਂ ਕੀਤੀਆਂ ਗਈਆਂ ਸਨ; ਅਤੇ

(ਕ) ਕੋਈ ਵੀ ਬੋਲੀਕਾਰ, ਜਿਸ ਨੂੰ ਬੋਲੀ ਲਈ ਸੱਦਾ ਦਿੱਤਾ ਗਿਆ ਹੈ ਪਰ ਵਿਸ਼ੇਸ਼ ਵਿਵਰਣਾਂ ਵਿੱਚ ਤਬਦੀਲੀਆਂ ਕਾਰਨ ਉਪਾਪਨ ਦੇ ਵਿਸ਼ੇ-ਵਸਤੂ ਦੀ ਸਪਲਾਈ ਕਰਨ ਦੀ ਸਥਿਤੀ ਵਿੱਚ ਨਹੀਂ ਹੈ, ਉਹ ਕਿਸੇ ਵੀ ਬੋਲੀ ਸਕਿਉਰਿਟੀ ਜਿਹੜੀ ਉਸ ਤੋਂ ਮੁਹੱਈਆ ਕਰਵਾਉਣੀ ਲੋੜੀਂਦੀ ਹੈ, ਨੂੰ ਜ਼ਬਤ ਕੀਤੇ ਬਿਨਾਂ ਜਾਂ ਕਿਸੇ ਵੀ ਤਰੀਕੇ ਨਾਲ ਜੁਰਮਾਨਾ ਕੀਤੇ ਬਿਨ੍ਹਾਂ, ਯਥਾਰਥਯੋਗ ਨਿਆਂ ਉਚਿਤਤਾ ਨਾਲ ਉਪਾਪਨ ਕਾਰਵਾਈਆਂ ਤੋਂ ਹਟਣ ਦੇ ਇਰਾਦੇ ਦੀ ਘੋਸ਼ਣਾ ਕਰਕੇ ਬੋਲੀ ਦੀ ਕਾਰਵਾਈ ਤੋਂ ਹਟ ਸਕਦਾ ਹੈ।

32. (1) ਉਪਾਪਨ ਕਰਨ ਵਾਲੀ ਹਸਤੀ ਉਪਾਪਨ ਦੇ ਵਿਸ਼ੇ-ਵਸਤੂ ਨੂੰ ਉਲਟੀ ਨਿਲਾਮੀ ਦੀ ਵਿਧੀ ਦੁਆਰਾ ਉਪਾਪਤ ਕਰਨਾ ਚੁਣ ਸਕਦੀ ਹੈ, ਜੇਕਰ,- ਉਲਟੀ ਨਿਲਾਮੀ।

(ੳ) ਉਪਾਪਨ ਕਰਨ ਵਾਲੀ ਹਸਤੀ ਲਈ ਉਪਾਪਨ ਦੇ ਵਿਸ਼ੇ-ਵਸਤੂ ਦਾ ਵਿਸਥਾਰਪੂਰਬਕ ਵਰਣਨ ਸੂਤਰਿਤ ਕਰਨਾ ਸੰਭਵ ਹੈ;

(ਅ) ਉਲਟੀ ਨਿਲਾਮੀ ਵਿੱਚ ਭਾਗ ਲੈਣ ਦੇ ਕਾਬਲ ਹੋਣ ਲਈ ਪੂਰਵ-ਅਨੁਮਾਨਤ ਬੋਲੀਕਾਰਾਂ ਦਾ ਇੱਕ ਮੁਕਾਬਲੇ ਦਾ ਬਾਜ਼ਾਰ ਹੋਵੇ ਕਿ ਪ੍ਰਭਾਵੀ ਮੁਕਾਬਲੇ ਨੂੰ ਯਕੀਨੀ ਬਣਾਇਆ ਜਾ ਸਕੇ; ਅਤੇ

(ੲ) ਸਫ਼ਲ ਬੋਲੀ ਨੂੰ ਨਿਰਧਾਰਤ ਕਰਨ ਲਈ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਵਰਤੇ ਜਾਣ ਵਾਲੇ ਮਾਨ-ਦੰਡ ਗਿਣਨਯੋਗ ਹਨ ਅਤੇ ਮੁਦਰਾ ਦੇ ਰੂਪ ਵਿੱਚ ਪ੍ਰਗਟਾਏ ਜਾ ਸਕਦੇ ਹਨ।

(2) ਇਸ ਨਮਿੱਤ ਬਣਾਏ ਗਏ ਨਿਯਮਾਂ ਦੇ ਤਾਬੇ, ਉਲਟੀ ਨਿਲਾਮੀ ਦੇ ਜ਼ਾਬਤੇ ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ, ਅਰਥਾਤ:-

(ੳ) ਉਪਾਪਨ ਕਰਨ ਵਾਲੀ ਹਸਤੀ, ਧਾਰਾ 28 ਦੀ ਉਪ-ਧਾਰਾ (5) ਦੀ ਅਨੁਸਾਰਤਾ ਵਿੱਚ ਸੱਦਾ-ਪੱਤਰ ਪ੍ਰਕਾਸ਼ਤ ਕਰਵਾ ਕੇ ਜਾਂ ਧਾਰਾ 29 ਦੀ ਉਪ-ਧਾਰਾ (2) ਦੀ ਅਨੁਸਾਰਤਾ ਵਿੱਚ ਜਾਰੀ ਕਰਵਾ ਕੇ, ਜਿਹੀ ਕਿ ਸੂਰਤ ਹੋਵੇ, ਉਲਟੀ ਨਿਲਾਮੀ ਲਈ ਬੋਲੀਆਂ ਸੱਦੇਗੀ; ਅਤੇ

(ਅ) ਸੱਦਾ-ਪੱਤਰ ਵਿੱਚ ਬੋਲੀ ਦਸਤਾਵੇਜ਼ਾਂ ਵਿੱਚ ਦਿੱਤੀ ਜਾਣਕਾਰੀ ਤੋਂ ਇਲਾਵਾ,-

(i) ਨਿਲਾਮੀ ਤੱਕ ਪਹੁੰਚ ਅਤੇ ਰਜਿਸਟਰੀਕਰਨ;

(ii) ਨਿਲਾਮੀ ਦੀ ਸੁਰੂਆਤ ਅਤੇ ਸਮਾਪਤੀ;

(iii) ਨਿਲਾਮੀ ਕਰਵਾਉਣ ਲਈ ਮਾਪਦੰਡ; ਅਤੇ

(iv) ਕੋਈ ਹੋਰ ਸੂਚਨਾ ਜੋ ਉਪਾਪਨ ਦੀ ਵਿਧੀ ਨਾਲ ਸੁਸੰਗਤ ਹੋਵੇ;

ਨਾਲ ਸਬੰਧਤ ਵੇਰਵੇ ਸ਼ਾਮਲ ਹੋਣਗੇ।

(3) ਧਾਰਾ 31 ਅਧੀਨ ਦੋ ਪੜ੍ਹਾਵਾਂ ਵਾਲੀ ਬੋਲੀ ਵਿੱਚ ਅਤੇ ਜਿੱਥੇ ਧਾਰਾ 15 ਦੇ ਨਿਬੰਧਨਾਂ ਅਨੁਸਾਰ ਦੋ ਲਿਫ਼ਾਫ਼ੇ ਬੋਲੀ ਪ੍ਰਣਾਲੀ ਅਪਣਾਈ ਜਾਂਦੀ ਹੈ, ਸਭ ਤੋਂ ਵਧੀਆ ਵਿੱਤੀ ਬੋਲੀ ਪ੍ਰਾਪਤ ਕਰਨ ਲਈ ਵੀ ਉਲਟੀ ਨਿਲਾਮੀ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਕੋਟੇਸ਼ਨਾਂ ਅਤੇ ਮੌਕੇ ਤੇ ਖਰੀਦ ਲਈ ਬੇਨਤੀ।

33. (1) ਇੱਕ ਉਪਾਪਨ ਕਰਨ ਵਾਲੀ ਹਸਤੀ ਹੇਠ-ਲਿਖੀਆਂ ਸਥਿਤੀਆਂ ਵਿੱਚ, ਜਿਵੇਂ ਮੁਕੱਰਰ ਕੀਤਾ ਜਾਵੇ, ਇੱਕ ਮੁਦਰਾ ਮੁੱਲ ਤੋਂ ਥੱਲੇ ਮੁੱਲ ਵਾਲੀ ਉਪਾਪਨ ਦੇ ਵਿਸ਼ੇ-ਵਸਤੂ ਨੂੰ ਕੋਟੇਸ਼ਨਾਂ ਲਈ ਬੇਨਤੀ ਦੀ ਵਿਧੀ ਦੁਆਰਾ ਉਪਾਪਤ ਕਰਨ ਦੀ ਚੋਣ ਕਰ ਸਕਦੀ ਹੈ, ਅਰਥਾਤ:-

(ੳ) ਬਿਨ੍ਹਾਂ ਔਖ ਤੋਂ ਉਪਲੱਬਧ ਵਪਾਰਕ ਤੌਰ 'ਤੇ ਤਿਆਰ ਬਰ ਤਿਆਰ ਮਾਲ ਦਾ ਉਪਾਪਨ ਜੋ ਉਪਾਪਨ ਕਰਨ ਵਾਲੀ ਹਸਤੀ ਦੇ ਖ਼ਾਸ ਪ੍ਰਕਾਰ ਨੂੰ ਵਿਸ਼ੇਸ਼ ਤੌਰ ਤੇ ਉਤਪਾਦਤ ਨਹੀਂ ਕੀਤਾ ਜਾਂਦਾ ਅਤੇ ਜਿਸ ਲਈ ਇੱਕ ਸਥਾਪਤ ਬਾਜ਼ਾਰ ਹੈ; ਜਾਂ

(ਅ) ਭੌਤਿਕ ਸੇਵਾਵਾਂ ਜੋ ਉਪਾਪਨ ਕਰਨ ਵਾਲੀ ਹਸਤੀ ਦੇ ਖ਼ਾਸ ਪ੍ਰਕਾਰ ਨੂੰ ਵਿਸ਼ੇਸ਼ ਤੌਰ ਤੇ ਮੁਹੱਈਆ ਨਹੀਂ ਕੀਤੀਆਂ ਜਾਂਦੀਆਂ ਅਤੇ ਬਾਜ਼ਾਰ ਵਿੱਚ ਬਿਨ੍ਹਾਂ ਔਖ ਤੋਂ ਉਪਲੱਬਧ ਹਨ; ਜਾਂ

(ਹ) ਕਿਸੇ ਵੀ ਮਾਲ ਜਾਂ ਕੰਮਾਂ ਜਾਂ ਸੇਵਾਵਾਂ ਦਾ ਉਪਾਪਨ ਜੋ ਰੱਖ-ਰਖਾਅ ਜਾਂ ਸੰਕਟਕਾਲੀ ਮੁਰੰਮਤ ਲਈ ਜ਼ਰੂਰੀ ਤੌਰ ਤੇ ਲੋੜੀਂਦੀਆਂ ਹਨ।

(2) ਇਸ ਨਮਿੱਤ ਬਣਾਏ ਗਏ ਨਿਯਮਾਂ ਦੇ ਤਾਬੇ, ਕੋਟੇਸ਼ਨਾਂ ਦੀ ਬੇਨਤੀ ਦੇ ਜ਼ਾਬਤੇ ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ, ਅਰਥਾਤ:-

(ੳ) ਜਿਵੇਂ ਅਮਲਯੋਗ ਹੈ ਭਾਵੀ ਬੋਲੀਕਾਰਾਂ, ਘੱਟੋ-ਘੱਟ ਤਿੰਨ ਦੇ ਤਾਬੇ, ਤੋਂ ਕੋਟੇਸ਼ਨਾਂ ਲਈ ਬੇਨਤੀ ਕੀਤੀ ਜਾਵੇਗੀ;

(ਅ) ਹਰੇਕ ਬੋਲੀਕਾਰ ਨੂੰ ਸਿਰਫ਼ ਇੱਕ ਕੋਟੇਸ਼ਨ ਪੇਸ਼ ਕਰਨ ਦੀ ਇਜਾਜ਼ਤ ਹੋਵੇਗੀ; ਅਤੇ

(ੲ) ਸਫਲ ਕੋਟੇਸ਼ਨ, ਜਿਵੇਂ ਕੋਟੇਸ਼ਨਾਂ ਲਈ ਬੇਨਤੀ ਵਿੱਚ ਦਿੱਤਾ ਹੋਵੇ, ਉਪਾਪਨ ਕਰਨ ਵਾਲੀ ਹਸਤੀ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਵਾਲੀ ਸਭ ਤੋਂ ਘੱਟ ਕੀਮਤ ਵਾਲੀ ਕੋਟੇਸ਼ਨ ਹੋਵੇਗੀ।

(3) ਇੱਕ ਉਪਾਪਨ ਕਰਨ ਵਾਲੀ ਹਸਤੀ ਉਪ-ਧਾਰਾ (1) ਵਿੱਚ ਉਲਿਖਤ ਕੀਤੇ ਗਏ ਉਪਾਪਨ ਦੇ ਵਿਸ਼ੇ-ਵਸਤੂ ਦੀ ਉਪਾਪਨ ਕਰਨ ਵਾਲੀ ਹਸਤੀ ਦੇ ਅੰਦਰ ਤਿੰਨ ਮੈਂਬਰਾਂ ਵਾਲੀ ਖਰੀਦ ਕਮੇਟੀ ਰਾਹੀਂ ਮੌਕੇ ਤੇ ਖਰੀਦ ਕਰ ਸਕਦੀ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਖਰੀਦ ਕਮੇਟੀ ਇਸ ਭਾਵ ਦਾ ਇੱਕ ਸਰਟੀਫਿਕੇਟ ਕਲਮਬੰਦ ਕਰੇਗੀ ਕਿ ਉਹ ਸੰਤੁਸ਼ਟ ਹੈ ਕਿ ਮਾਲ ਜਾਂ ਸੇਵਾਵਾਂ ਲੋੜੀਂਦੀ ਗੁਣਵੱਤਾ ਦੀਆਂ ਹਨ ਅਤੇ ਪ੍ਰਚੱਲਤ ਬਾਜ਼ਾਰ ਦਰ ਤੇ ਕੀਮਤ ਨਿਰਧਾਰਤ ਕੀਤੀਆਂ ਗਈਆਂ ਹਨ।

(4) ਧਾਰਾਵਾਂ 6, 8, 10, 11, 12, 13, 14, 15, 16, 18, 21, 22, 23, 24, 25, 39, 40, 41, 42, 43 ਅਤੇ ਅਧਿਆਏ XI ਵਿੱਚ ਦਰਜ ਕੋਈ ਗੱਲ ਇਸ ਧਾਰਾ ਅਧੀਨ ਕੀਤੀਆਂ ਗਈਆਂ ਖਰੀਦਦਾਰੀਆਂ ਤੇ ਲਾਗੂ ਨਹੀਂ ਹੋਵੇਗੀ।

34. (1) ਇੱਕ ਉਪਾਪਨ ਕਰਨ ਵਾਲੀ ਹਸਤੀ ਮੁਕਾਬਲੇ ਦੀ ਗੱਲਬਾਤ ਦੀ ਵਿਧੀ ਦੁਆਰਾ ਉਪਾਪਨ ਦੇ ਵਿਸ਼ੇ-ਵਸਤੂ ਨੂੰ ਉਪਾਪਤ ਕਰਨਾ ਚੁਣ ਸਕਦੀ ਹੈ, ਜੇ,- ਮੁਕਾਬਲਾ ਗੱਲਬਾਤ।

(ੳ) ਅਣਚਿੰਤਿਆ ਘਟਨਾਵਾਂ ਦੁਆਰਾ ਲਿਆਂਦੀ ਗਈ ਜ਼ਰੂਰੀ ਸਥਿਤੀ ਦੇ ਕਾਰਨ ਉਪਾਪਨ ਕਰਨ ਵਾਲੀ ਹਸਤੀ ਦੀ ਰਾਏ ਹੈ ਕਿ ਉਪਾਪਨ ਦੇ ਵਿਸ਼ਾ-ਵਸਤੂ ਨੂੰ ਖੁੱਲ੍ਹਾ ਮੁਕਾਬਲਾ ਬੋਲੀ ਦੀ ਵਿਧੀ ਜਾਂ ਕਿਸੇ ਹੋਰ ਵਿਧੀ ਨੂੰ ਅਪਣਾ ਕੇ ਉਪਯੋਗੀ ਤਰੀਕੇ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੈ; ਜਾਂ

(ਅ) ਉਪਾਪਨ ਦੇ ਵਿਸ਼ੇ-ਵਸਤੂ ਵਿੱਚ ਪਸ਼ੂ-ਧਨ, ਜ਼ਰਾਇਤੀ ਉਤਪਾਦਨ, ਊਰਜਾ ਜਾਂ ਹੋਰ ਵਸਤੂਆਂ ਸ਼ਾਮਲ ਹਨ ਜਿਨ੍ਹਾਂ ਦੀਆਂ ਕੀਮਤਾਂ ਵਿੱਚ ਵਾਰ-ਵਾਰ ਉਤਰਾਅ-ਚੜ੍ਹਾਅ ਆਉਂਦਾ ਹੈ ਅਤੇ ਉਪਾਪਨ ਕਰਨ ਵਾਲੀ ਹਸਤੀ ਦੀ ਰਾਏ ਵਿੱਚ ਉਪਾਪਨ ਦੇ ਵਿਸ਼ਾ-ਵਸਤੂ ਨੂੰ ਖੁੱਲ੍ਹਾ ਮੁਕਾਬਲਾ ਬੋਲੀ ਦੀ ਵਿਧੀ ਜਾਂ ਕਿਸੇ ਹੋਰ ਵਿਧੀ ਨੂੰ ਅਪਣਾ ਕੇ ਉਪਯੋਗੀ ਤਰੀਕੇ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

(2) ਇਸ ਨਮਿੱਤ ਬਣਾਏ ਗਏ ਨਿਯਮਾਂ ਦੇ ਤਾਬੇ, ਮੁਕਾਬਲੇ ਦੀ ਗੱਲਬਾਤ ਦੇ ਜ਼ਾਬਤੇ ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ, ਅਰਥਾਤ:-

(ੳ) ਇਸ ਧਾਰਾ ਅਧੀਨ ਉਪਾਪਨ ਦੇ ਵਿਸ਼ੇ-ਵਸਤੂ ਦੀ ਖਰੀਦ ਉਪਾਪਨ ਕਰਨ ਵਾਲੀ ਹਸਤੀ ਦੇ ਅੰਦਰ ਤਿੰਨ ਮੈਂਬਰਾਂ ਵਾਲੀ ਖਰੀਦ ਕਮੇਟੀ ਰਾਹੀਂ ਕੀਤੀ ਜਾਵੇਗੀ ਅਤੇ ਅਜਿਹੇ ਮਾਮਲਿਆਂ ਵਿੱਚ ਖਰੀਦ ਕਮੇਟੀ ਇਸ ਭਾਵ ਦਾ ਇੱਕ ਸਰਟੀਫਿਕੇਟ ਕਲਮਬੰਦ ਕਰੇਗੀ ਕਿ ਉਹ ਸੰਤੁਸ਼ਟ ਹੈ ਕਿ ਉਪਾਪਨ ਦਾ ਵਿਸ਼ਾ-ਵਸਤੂ ਲੋੜੀਂਦੀ ਗੁਣਵੱਤਾ ਦਾ ਹੈ ਅਤੇ ਪ੍ਰਚੱਲਤ ਬਾਜ਼ਾਰ ਦਰ ਤੇ ਕੀਮਤ ਨਿਰਧਾਰਤ ਕੀਤੀਆਂ ਗਈਆਂ ਹਨ;

(ਅ) ਪ੍ਰਭਾਵਸ਼ਾਲੀ ਮੁਕਾਬਲੇ ਨੂੰ ਯਕੀਨੀ ਬਣਾਉਣ ਲਈ ਉਪਾਪਨ ਅਮਲ ਵਿੱਚ ਗੈਰ-ਪੱਖਪਾਤੀ ਢੰਗ ਨਾਲ ਚੁਣੇ ਗਏ ਭਾਵੀ ਬੋਲੀਕਾਰਾਂ ਦੀ ਇੱਕ ਚੋਖੀ ਗਿਣਤੀ, ਤਿੰਨ ਤੋਂ ਘੱਟ ਨਾ ਹੋਣ ਵਾਲੀ, ਨੂੰ ਸ਼ਾਮਲ ਕੀਤਾ ਜਾਵੇਗਾ; ਅਤੇ

(ੲ) ਸਾਰੇ ਬੋਲੀਕਾਰਾਂ ਨੂੰ ਗੱਲਬਾਤ ਵਿੱਚ ਭਾਗ ਲੈਣ ਲਈ ਬਰਾਬਰ ਅਵਸਰ ਦਿੱਤਾ ਜਾਵੇਗਾ।

(3) ਧਾਰਾਵਾਂ 6, 8, 10, 11, 12, 13, 14, 15, 16, 18, 21, 22, 23, 24, 25, 39, 40, 41, 42, 43 ਅਤੇ ਅਧਿਆਏ XI ਵਿੱਚ ਦਰਜ ਕੋਈ ਗੱਲ ਇਸ ਧਾਰਾ ਦੇ ਅਧੀਨ ਕੀਤੀਆਂ ਗਈਆਂ ਖਰੀਦਦਾਰੀਆਂ ਤੇ ਲਾਗੂ ਨਹੀਂ ਹੋਵੇਗੀ।

35. (1) ਉਪਾਪਨ ਕਰਨ ਵਾਲੀ ਹਸਤੀ ਜਿਵੇਂ ਇਸ ਦੇ ਨਮਿੱਤ ਬਣਾਏ ਗਏ ਹੋਣ, ਨਿਯਮਾਂ ਦੀ ਅਨੁਸਾਰਤਾ ਵਿੱਚ ਮੁਆਇਦਾ ਦਰ ਜ਼ਾਬਤਾ ਵਿੱਚ ਵਚਨ-ਬੱਧ ਹੋਣ ਦੀ ਚੋਣ ਕਰ ਸਕਦੀ ਹੈ, ਜਿੱਥੇ ਇਹ ਨਿਰਧਾਰਤ ਕਰਦੀ ਹੈ ਕਿ ਦਿੱਤੇ ਸਮੇਂ ਦੀ ਮੁੱਦਤ ਦੌਰਾਨ ਉਪਾਪਨ ਦੇ ਵਿਸ਼ੇ-ਵਸਤੂ ਦੀ ਜ਼ਰੂਰਤ ਅਨਿਸ਼ਚਿਤ ਜਾਂ ਵਾਰ-ਵਾਰ ਦੇ ਆਧਾਰ ਤੇ ਪੈਦਾ ਹੋਣ ਦੀ ਆਸ ਹੈ। ਮੁਆਇਦਾ ਦਰ।

(2) ਇੱਕ ਉਪਾਪਨ ਕਰਨ ਵਾਲੀ ਹਸਤੀ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਖੁੱਲ੍ਹਾ ਮੁਕਾਬਲਾ ਬੋਲੀ ਦੇ ਆਧਾਰ ਤੇ ਜਾਂ ਹੋਰ ਉਪਾਪਨ ਤਰੀਕਿਆਂ ਦੁਆਰਾ ਮੁਆਇਦਾ ਦਰ ਦੇ ਸਕਦੀ ਹੈ।

(3) ਇਸ ਨਮਿੱਤ ਬਣਾਏ ਗਏ ਨਿਯਮਾਂ ਦੇ ਤਾਬੇ, ਮੁਆਇਦਾ ਦਰ ਦੇ ਜ਼ਾਬਤੇ ਵਿੱਚ ਹੇਠ-ਲਿਖੇ ਸ਼ਾਮਲ ਹੋਣਗੇ, ਅਰਥਾਤ:-

(ੳ) ਉਹ ਤਰੀਕਾ ਜਿਸ ਵਿੱਚ ਮੁਆਇਦਾ ਦਰ ਕੀਤਾ ਜਾਣਾ ਹੈ, ਜਿਸ ਵਿੱਚ ਪੈਰਵੀ ਕੀਤੇ ਜਾਣ ਵਾਲੇ ਬੋਲੀ ਦੇ ਢੰਗ ਦੀ ਚੋਣ ਸ਼ਾਮਲ ਹੈ; ਅਤੇ

(ਅ) ਉਹ ਤਰੀਕਾ ਜਿਸ ਵਿੱਚ ਮੁਆਇਦਾ ਦਰ ਜ਼ਾਬਤੇ ਦੀ ਵਰਤੋਂ ਕਰਕੇ ਇੱਕ ਉਪਾਪਨ ਮੁਆਇਦਾ ਕੀਤਾ ਜਾਣਾ ਹੈ।

36. (1) ਭਾਰਤ ਸਰਕਾਰ ਆਮ ਵਰਤੋਂ ਦੇ ਮਾਲ ਅਤੇ ਸੇਵਾਵਾਂ ਲਈ ਪਾਇਲਟ ਆਧਾਰ ਤੇ ਇੱਕ ਆਨਲਾਈਨ ਸਰਕਾਰੀ ਈ-ਬਾਜ਼ਾਰ ਥਾਂ ਦੀ ਮੇਜ਼ਬਾਨੀ ਕਰਦੀ ਹੈ। ਸਰਕਾਰੀ ਈ-ਬਾਜ਼ਾਰ ਤੇ ਇਲੈਕਟ੍ਰਾਨਿਕ ਅਤੇ ਆਨਲਾਈਨ ਉਪਾਪਨ ਅਮਲ ਸਪਲਾਈ ਆਰਡਰ ਦੇਣ ਤੋਂ ਲੈ ਕੇ ਪੂਰਤੀਕਾਰਾਂ ਨੂੰ ਅਦਾਇਗੀ ਕਰਨ ਤੱਕ ਹੈ। ਸਰਕਾਰੀ ਈ-ਬਾਜ਼ਾਰ (ਜੀ.ਈ.ਐੱਮ.)।

(2) ਇੱਕ ਉਪਾਪਨ ਕਰਨ ਵਾਲੀ ਹਸਤੀ ਸਰਕਾਰੀ ਈ-ਬਾਜ਼ਾਰ ਤੇ ਭਿੰਨ-ਭਿੰਨ ਪੂਰਤੀਕਾਰਾਂ ਦੁਆਰਾ ਪੇਸ਼ ਕੀਤੇ ਜਾਂਦੇ ਮਾਲ ਅਤੇ ਸੇਵਾਵਾਂ ਨੂੰ ਅਜਿਹੀਆਂ ਸ਼ਰਤਾਂ ਅਧੀਨ, ਜੋ ਮੁਕੱਰਰ ਕੀਤੀਆਂ ਜਾਣ, ਸਿੱਧੇ ਤੌਰ 'ਤੇ ਆਨਲਾਈਨ ਦੇਖ, ਤੁਲਨਾ ਅਤੇ ਖਰੀਦ ਸਕਦੀ ਹੈ।

37. (1) ਇੱਕ ਉਪਾਪਨ ਕਰਨ ਵਾਲੀ ਹਸਤੀ ਅਜਿਹੀਆਂ ਸ਼ਰਤਾਂ ਦੇ ਅਧੀਨ, ਜੋ ਮੁਕੱਰਰ ਕੀਤੀਆਂ ਜਾਣ, ਸਵਿਸ ਚੁਣੌਤੀ ਦੇ ਢੰਗ ਦੁਆਰਾ ਉਪਾਪਨ ਦੇ ਵਿਸ਼ੇ-ਵਸਤੂ ਨੂੰ ਉਪਾਪਤ ਕਰਨਾ ਚੁਣ ਸਕਦੀ ਹੈ। ਸਵਿਸ ਚੁਣੌਤੀ।

(2) ਸਵਿਸ ਚੁਣੌਤੀ ਲਈ ਜ਼ਾਬਤਾ ਅਜਿਹਾ ਹੋਵੇਗਾ ਜਿਵੇਂ ਮੁਕੱਰਰ ਕੀਤਾ ਜਾਵੇ।

38. ਧਾਰਾਵਾਂ 29 ਤੋਂ 35 (ਦੋਵਾਂ ਸਮੇਤ) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ, ਪਾਰਦਰਸ਼ਤਾ ਅਤੇ ਜਾਵਬਦੇਹੀ ਦੇ ਸਿਧਾਂਤਾਂ ਦੇ ਉਪਾਪਨ ਦੇ ਢੰਗ ਦੀ ਵਰਤੋਂ ਲਈ ਵਾਧੂ ਸ਼ਰਤਾਂ।

ਸੰਗਤ ਢੰਗ ਨਾਲ, ਧਾਰਾ 27 ਦੀ ਉਪ-ਧਾਰਾ (1) ਦੇ ਖੰਡ (ਅ) ਤੋਂ (ਘ) ਵਿੱਚ ਜ਼ਿਕਰ ਕੀਤੇ ਉਪਾਪਨ ਦੇ ਕਿਸੇ ਵੀ ਢੰਗ ਦੀ ਵਰਤੋਂ ਲਈ ਸ਼ਰਤਾਂ ਵਿੱਚ ਅਧਿਸੂਚਨਾ ਰਾਹੀਂ ਵਾਧਾ ਕਰ ਸਕਦੀ ਹੈ।

## ਅਧਿਆਏ VII

### ਬੋਲੀ ਮੁਲਾਂਕਣ ਅਤੇ ਮੁਆਇਦਾਕਾਰ

ਮੁਲਾਂਕਣ ਲਈ ਮਾਨ-ਦੰਡ।

39. (1) ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਦਿਸ਼ਾ-ਨਿਰਦੇਸ਼ਾਂ ਜਾਂ ਵਰਤਮਾਨ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ, ਮੁਲਾਂਕਣ ਮਾਨ-ਦੰਡ ਉਪਾਪਨ ਦੇ ਵਿਸ਼ੇ-ਵਸਤੂ ਨਾਲ ਸਬੰਧਤ ਹੋਵੇਗਾ ਅਤੇ ਇਨ੍ਹਾਂ ਵਿੱਚ,-

(ੳ) ਕੀਮਤ;

(ਅ) ਮਾਲ ਜਾਂ ਕੰਮਾਂ ਦੇ ਸੰਚਾਲਣ, ਰੱਖ-ਰਖਾਅ ਅਤੇ ਮੁਰੰਮਤ ਦੀ ਲਾਗਤ, ਮਾਲ ਦੀ ਡਿਲੀਵਰੀ ਲਈ ਸਮਾਂ, ਕੰਮਾਂ ਦਾ ਪੂਰਾ ਹੋਣਾ ਜਾਂ ਸੇਵਾਵਾਂ ਦੇ ਉਪਬੰਧ, ਉਪਾਪਨ ਦੇ ਵਿਸ਼ੇ-ਵਸਤੂ ਦੇ ਲੱਛਣ, ਜਿਵੇਂ ਕਿ ਮਾਲ ਜਾਂ ਕੰਮਾਂ ਦੇ ਕਾਜਕਾਰੀ ਲੱਛਣ ਅਤੇ ਵਿਸ਼ੇ-ਵਸਤੂ ਦੇ ਵਾਤਾਵਰਣਕ ਲੱਛਣ, ਉਪਾਪਨ ਦੇ ਵਿਸ਼ੇ-ਵਸਤੂ ਦੇ ਬਾਰੇ ਵਿੱਚ ਭੁਗਤਾਨ ਦੇ ਨਿਬੰਧਨਾਂ ਅਤੇ ਗਰੰਟੀਆਂ; ਅਤੇ

(ੲ) ਜਿੱਥੇ ਸੁਸੰਗਤ ਹੋਵੇ, ਉਪਾਪਨ ਦੇ ਵਿਸ਼ੇ-ਵਸਤੂ ਨੂੰ ਮੁਹੱਈਆ ਕਰਵਾਉਣ ਵਾਲੇ ਬੋਲੀਕਾਰ ਅਤੇ ਕਰਮਚਾਰੀ ਵਰਗ ਦਾ ਤਜਰਬਾ, ਭਰੋਸੇਯੋਗਤਾ ਅਤੇ ਪੇਸ਼ੇਵਰ ਅਤੇ ਤਕਨੀਕੀ ਸੁਯੋਗਤਾ,

ਸ਼ਾਮਲ ਹੋਣਗੇ।

(2) ਜਿੱਥੇ ਜ਼ਰੂਰੀ ਸਮਝਿਆ ਜਾਵੇ, ਉਪਾਪਨ ਕਰਨ ਵਾਲੀ ਹਸਤੀ ਇੱਕ ਬੋਲੀ ਦੇ ਤਕਨੀਕੀ ਮੁਲਾਂਕਣ ਦੇ ਵਿਚਾਰਣ, ਨਮੂਨਾ ਟੈਸਟਿੰਗ ਅਤੇ ਹੋਰ ਵਾਧੂ ਤਰੀਕੇ ਵੀ ਉਲਿਖਤ ਕਰ ਸਕਦੀ ਹੈ:

ਪਰੰਤੂ ਅਜਿਹੇ ਵਿਚਾਰਣਾਂ, ਨਮੂਨਾ ਟੈਸਟਿੰਗ ਜਾਂ ਮੁਲਾਂਕਣ ਦੇ ਵਾਧੂ ਤਰੀਕਿਆਂ ਦੀ ਲੋੜ ਬੋਲੀ ਦਸਤਾਵੇਜ਼ਾਂ ਵਿੱਚ ਦਰਸਾਈ ਜਾਵੇਗੀ ਅਤੇ ਅਜਿਹੇ ਵਿਚਾਰਣਾਂ ਅਤੇ ਟੈਸਟਿੰਗ ਦਾ ਰਿਕਾਰਡ ਅਜਿਹੇ ਤਰੀਕੇ ਨਾਲ ਸੰਭਾਲਿਆ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਜਿੱਥੇ ਤੱਕ ਅਮਲਯੋਗ ਹੋਵੇ, ਸਾਰੇ ਗੈਰ-ਕੀਮਤ ਮੁਲਾਂਕਣ ਮਾਨ-ਦੰਡ ਸੰਖੇਪ ਅਤੇ ਮਾਪਣਯੋਗ ਹੋਣਗੇ।

(4) ਬੋਲੀਆਂ ਦੇ ਮੁਲਾਂਕਣ ਲਈ ਮਾਨ-ਦੰਡ, ਜਿਸ ਵਿੱਚ ਭਾਵੇਂ ਧਾਰਾ 13 ਦੀ ਉਪ-ਧਾਰਾ (2) ਵਿੱਚ ਅਧਿ-ਕਥਿਤ ਲੋੜਾਂ ਲਾਗੂ ਹਨ, ਬੋਲੀ ਦਸਤਾਵੇਜ਼ਾਂ ਵਿੱਚ ਦਰਜ ਕੀਤੇ ਜਾਣਗੇ।

(5) ਜਿੱਥੇ ਲਾਗੂ ਹੋਵੇ, ਹਰੇਕ ਮਾਨ-ਦੰਡ ਨਾਲ ਨੱਥੀ ਸਾਖੇਪ ਤੋਲ ਬੋਲੀ ਦਸਤਾਵੇਜ਼ਾਂ ਵਿੱਚ ਉਲਿਖਤ ਕੀਤੇ ਜਾਣਗੇ।

(6) ਉਪਾਪਨ ਕਰਨ ਵਾਲੀ ਹਸਤੀ ਦੁਆਰਾ ਬੋਲੀਆਂ ਦਾ ਮੁਲਾਂਕਣ ਕਰਨ ਵਿੱਚ ਬੋਲੀ ਦਸਤਾਵੇਜ਼ਾਂ ਵਿੱਚ ਜ਼ਿਕਰ ਕੀਤੇ ਮਾਨ-ਦੰਡ ਜਾਂ ਜ਼ਾਬਤੇ ਤੋਂ ਇਲਾਵਾ ਕੋਈ ਹੋਰ ਮਾਨਦੰਡ ਜਾਂ ਜ਼ਾਬਤਾ ਨਹੀਂ ਵਰਤਿਆ ਜਾਵੇਗਾ।

ਕੀਮਤ ਗੱਲਬਾਤ।

40. ਧਾਰਾ 30 ਜਾਂ 34 ਵਿੱਚ ਹੋਰਵੇਂ ਉਪਬੰਧਤ ਨੂੰ ਛੱਡ ਕੇ ਜਾਂ ਅਜਿਹੇ ਹਾਲਾਤਾਂ ਵਿੱਚ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ, ਜੋ ਮੁਕੱਰਰ ਕੀਤੀਆਂ ਜਾਣ, ਉਪਾਪਨ ਕਰਨ ਵਾਲੀ ਹਸਤੀ ਦੁਆਰਾ ਬੋਲੀਕਾਰ ਨਾਲ ਉਸ ਦੁਆਰਾ ਪੇਸ਼ ਕੀਤੀ ਗਈ ਬੋਲੀ ਦੇ ਬਾਰੇ ਵਿੱਚ ਕੀਮਤ ਬਾਰੇ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ, ਸਿਵਾਏ ਕੁੱਝ ਅਪਵਾਦੀ ਸਥਿਤੀਆਂ ਦੇ ਅਤੇ ਅਜਿਹੇ ਅਪਵਾਦੀ ਹਾਲਾਤਾਂ ਵਿੱਚ, ਉਪਾਪਨ ਲਈ ਗੱਲਬਾਤ ਸਿਰਫ਼ ਸਭ ਤੋਂ ਘੱਟ ਬੋਲੀਕਾਰ ਨਾਲ ਹੋਵੇਗੀ।

ਮੁਆਇਦਿਆਂ ਦੇ ਨਿਬੰਧਨ ਅਤੇ ਸ਼ਰਤਾਂ।

41. (1) ਕੀਤੇ ਗਏ ਉਪਾਪਨ ਮੁਆਇਦਿਆਂ ਦੇ ਨਿਬੰਧਨ ਅਤੇ ਸ਼ਰਤਾਂ ਇਸ ਐਕਟ ਦੇ ਉਪਬੰਧਾਂ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਬੋਲੀ ਦਸਤਾਵੇਜ਼ਾਂ ਵਿੱਚ ਦਰਸਾਈਆਂ ਗਈਆਂ ਸ਼ਰਤਾਂ ਦੀ ਅਨੁਸਾਰਤਾ ਵਿੱਚ ਹੋਣਗੇ।

(2) ਰਾਜ ਸਰਕਾਰ, ਮਾਲ, ਕੰਮਾਂ ਅਤੇ ਸੇਵਾਵਾਂ ਲਈ ਜਿਵੇਂ ਵੀ ਲਾਗੂ ਹੋਵੇ, ਵੱਖਰੇ ਤੌਰ ਤੇ ਮੁਆਇਦੇ ਦੇ ਮਿਆਰੀ ਨਿਬੰਧਨ ਅਤੇ ਸ਼ਰਤਾਂ ਮੁਕੱਰਰ ਕਰੇਗੀ।

(3) ਉਪ-ਧਾਰਾ (2) ਦੇ ਅਨੁਸਰਣ ਵਿੱਚ ਤਿਆਰ ਕੀਤੇ ਗਏ ਮਿਆਰੀ ਨਿਬੰਧਨ ਅਤੇ ਸ਼ਰਤਾਂ ਉਪਾਪਨ ਕਰਨ ਵਾਲੀਆਂ ਹਸਤੀਆਂ ਦੁਆਰਾ ਜਿਵੇਂ ਲਾਗੂ ਹੋਵੇ, ਕੀਤੇ ਗਏ ਉਪਾਪਨ ਮੁਆਇਦਿਆਂ ਵਿੱਚ ਸ਼ਾਮਲ ਕੀਤੇ ਜਾਣਗੇ। ਉਪਾਪਨ ਕਰਨ ਵਾਲੀ ਹਸਤੀ ਉਪਾਪਨ ਦੇ ਵਿਸ਼ੇ-ਵਸਤੂ ਨਾਲ ਖ਼ਾਸ ਢੁੱਕਵੇਂ ਵਿਸ਼ੇਸ਼ ਨਿਬੰਧਨ ਅਤੇ ਸ਼ਰਤਾਂ ਸ਼ਾਮਲ ਕਰੇਗੀ।

ਮੁਆਇਦੇ ਦੇ ਐਵਾਰਡ।

42. (1) ਧਾਰਾ 13 ਦੀ ਉਪ-ਧਾਰਾ (2) ਅਤੇ ਧਾਰਾ 24 ਦੇ ਉਪਬੰਧਾਂ ਦੇ ਤਾਬੇ, ਉਪਾਪਨ ਕਰਨ ਵਾਲੀ ਹਸਤੀ ਇੱਕ ਬੋਲੀ ਨੂੰ ਸਫ਼ਲ ਸਮਝੇਗੀ,-

(ੳ) ਉਪਾਪਨ ਦੀ ਸੂਰਤ ਵਿੱਚ ਸਭ ਤੋਂ ਘੱਟ ਕੀਮਤ ਵਾਲੀ ਬੋਲੀ ਨੂੰ, ਜਾਂ ਜਨਤਕ ਧਨਧਾਮ ਦੇ ਨਿਪਟਾਰੇ ਦੀ ਸੂਰਤ ਵਿੱਚ

ਸਭ ਤੋਂ ਵੱਧ ਕੀਮਤ ਵਾਲੀ ਬੋਲੀ ਨੂੰ, ਜਿੱਥੇ ਕੇਵਲ ਕੀਮਤ ਹੀ ਐਵਾਰਡ ਮਾਨਦੰਡ ਹੈ;

(ਅ) ਬੋਲੀ ਦਸਤਾਵੇਜ਼ਾਂ ਵਿੱਚ ਉਲਿਖਤ ਕੀਤੇ ਗਏ ਬੋਲੀਆਂ ਦੇ ਮੁਲਾਂਕਣ ਲਈ ਮਾਨ-ਦੰਡਾਂ ਅਤੇ ਜ਼ਾਬਤਿਆਂ ਦੇ ਆਧਾਰ ਤੇ ਨਿਸ਼ਚਿਤ ਕੀਤੀ ਅਤਿਅੰਤ ਲਾਭਦਾਇਕ ਬੋਲੀ ਜਿੱਥੇ ਕੀਮਤ ਅਤੇ ਹੋਰ ਐਵਾਰਡ ਮਾਨਦੰਡ ਹਨ; ਜਾਂ

(ੲ) ਬੋਲੀ ਦਸਤਾਵੇਜ਼ਾਂ ਵਿੱਚ ਉਲਿਖਤ ਕੀਤੇ ਗਏ ਬੋਲੀਆਂ ਦੇ ਮੁਲਾਂਕਣ ਲਈ ਚੁਣੇ ਗਏ ਗੈਰ-ਵਿੱਤੀ ਮਾਨਦੰਡ ਜਾਂ ਹੋਰ ਮਾਪਦੰਡਾਂ ਦੇ ਆਧਾਰ ਤੇ ਨਿਸ਼ਚਿਤ ਕੀਤੀ ਅਤਿਅੰਤ ਲਾਭਦਾਇਕ ਬੋਲੀ ਜਿੱਥੇ ਕੋਈ ਵਿੱਤੀ ਮਾਨਦੰਡ ਨਹੀਂ ਹਨ।

(2) ਇੱਕ ਬੋਲੀ ਨੂੰ ਉਪ-ਧਾਰਾ (1) ਦੇ ਨਿਬੰਧਨਾਂ ਦੇ ਅਨੁਸਾਰ ਕੇਵਲ ਤਦ ਹੀ ਸਫ਼ਲ ਮੰਨਿਆ ਜਾਵੇਗਾ, ਜੇਕਰ ਸ਼ਕਤਵਾਨ ਅਥਾਰਟੀ ਨੇ ਉਸ ਬੋਲੀ ਦੇ ਨਿਬੰਧਨਾਂ ਦੇ ਅਨੁਸਾਰ ਉਪਾਪਨ ਨੂੰ ਮਨਜ਼ੂਰੀ ਦਿੱਤੀ ਹੈ।

(3) ਜਿਵੇਂ ਹੀ, ਉਪਾਪਨ ਕਰਨ ਵਾਲੀ ਹਸਤੀ, ਸ਼ਕਤਵਾਨ ਅਥਾਰਟੀ ਦੀ ਮਨਜ਼ੂਰੀ ਨਾਲ, ਬੋਲੀ ਨੂੰ ਸਵੀਕਾਰ ਕਰਨ ਦਾ ਫ਼ੈਸਲਾ ਕਰਦੀ ਹੈ, ਉਹ ਸਾਰੇ ਭਾਗ ਲੈਣ ਵਾਲੇ ਬੋਲੀਕਾਰਾਂ ਨੂੰ ਉਸ ਤੱਥ ਬਾਰੇ ਸੰਸੂਚਿਤ ਕਰੇਗੀ ਅਤੇ ਫ਼ੈਸਲੇ ਨੂੰ ਰਾਜ ਜਨਤਕ ਉਪਾਪਨ ਪੋਰਟਲ 'ਤੇ ਵੀ ਪ੍ਰਕਾਸ਼ਤ ਕਰੇਗੀ।

(4) ਬੋਲੀ ਦੀ ਸਵੀਕ੍ਰਿਤੀ ਸੰਸੂਚਤ ਕਰਦੇ ਸਮੇਂ, ਉਪਾਪਨ ਕਰਨ ਵਾਲੀ ਹਸਤੀ ਸਫ਼ਲ ਬੋਲੀਕਾਰ ਨੂੰ ਉਪਾਪਨ ਮੁਆਇਦੇ ਨੂੰ ਅੰਤਮ ਰੂਪ ਦੇਣ ਲਈ, ਜੇਕਰ ਜ਼ਰੂਰੀ ਹੋਵੇ, ਜਿਸ ਵਿੱਚ ਕਿਸੇ ਕਰਾਰ 'ਤੇ ਦਸਖ਼ਤ ਕਰਨਾ ਜਾਂ ਕੋਈ ਸਕਿਉਰਿਟੀ ਦੇਣਾ ਸ਼ਾਮਲ ਹੈ, ਉਲਿਖਤ ਸਮੇਂ ਦੇ ਅੰਦਰ ਲੋੜਾਂ ਪੂਰੀਆਂ ਕਰਨ ਦੀ ਸਲਾਹ ਦੇਵੇਗੀ।

## ਅਧਿਆਏ VIII

## ਰਾਜ ਜਨਤਕ ਉਪਾਪਨ ਪੋਰਟਲ

ਰਾਜ ਜਨਤਕ ਉਪਾਪਨ ਪੋਰਟਲ।

43. (1) ਰਾਜ ਸਰਕਾਰ ਜਨਤਕ ਉਪਾਪਨ ਨਾਲ ਸਬੰਧਤ ਮਾਮਲਿਆਂ ਨੂੰ ਪ੍ਰਕਾਸ਼ਤ ਕਰਨ ਲਈ ਜਨਤਾ ਲਈ ਪਹੁੰਚਯੋਗ ਇੱਕ ਰਾਜ ਜਨਤਕ ਉਪਾਪਨ ਪੋਰਟਲ ਸਥਾਪਤ ਕਰੇਗੀ ਅਤੇ ਬਣਾਈ ਰੱਖੇਗੀ।

(2) ਹਰੇਕ ਉਪਾਪਨ ਕਰਨ ਵਾਲੀ ਹਸਤੀ ਉਪਾਪਨ ਸਬੰਧੀ ਸੂਚਨਾ ਨੂੰ ਜਿਵੇਂ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਦੇ ਅਧੀਨ ਲੋੜਿਆ ਜਾਵੇ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਪੋਰਟਲ 'ਤੇ, ਜਿਸ ਵਿੱਚ ਸੋਧਾਂ ਸ਼ਾਮਲ ਹਨ, ਸਮੇਂ ਸਮੇਂ ਤੇ ਪ੍ਰਕਾਸ਼ਤ ਕਰਵਾਏਗੀ।

(3) ਉਪ-ਧਾਰਾ (2) ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨ੍ਹਾਂ, ਰਾਜ ਜਨਤਕ ਉਪਾਪਨ ਪੋਰਟਲ ਇਸ ਐਕਟ ਦੇ ਉਪਬੰਧਾਂ ਦੁਆਰਾ ਸ਼ਾਸਤ ਉਪਾਪਨ ਦੇ ਸਬੰਧ ਵਿੱਚ ਹੇਠ-ਲਿਖੀ ਜਾਣਕਾਰੀ ਤੱਕ ਪਹੁੰਚ ਮੁਹੱਈਆ ਕਰੇਗਾ, ਅਰਥਾਤ:-

(ੳ) ਸਲਾਨਾ ਉਪਾਪਨ ਯੋਜਨਾਵਾਂ;

(ਅ) ਪੂਰਵ-ਕਾਬਲੀਅਤ ਦਸਤਾਵੇਜ਼ਾਂ, ਬੋਲੀਕਾਰ ਦੇ ਰਜਿਸਟਰੀਕਰਨ ਦਸਤਾਵੇਜ਼ਾਂ, ਬੋਲੀ ਦਸਤਾਵੇਜ਼ਾਂ ਅਤੇ ਕੋਈ ਵੀ ਸੋਧਾਂ, ਸਪੱਸ਼ਟੀਕਰਨ, ਜਿਸ ਵਿੱਚ ਪੂਰਵ-ਬੋਲੀ ਸੰਮੇਲਨ ਦੇ ਅਨੁਸਰਣ ਵਿੱਚ ਅਤੇ ਇਸ ਦੇ ਸੁੱਧੀ-ਪੱਤਰ ਸ਼ਾਮਲ ਹਨ;

(ੲ) ਬੋਲੀਕਾਰਾਂ ਦੀ ਸੂਚੀ ਜਿਨ੍ਹਾਂ ਨੇ ਪੂਰਵ-ਕਾਬਲੀਅਤ ਜਾਂ ਬੋਲੀਕਾਰ ਰਜਿਸਟਰੀਕਰਨ ਦੌਰਾਨ ਬੋਲੀਆਂ ਪੇਸ਼ ਕੀਤੀਆਂ ਸਨ, ਜਿਹੀ ਕਿ ਸੂਰਤ ਹੋਵੇ;

(ਸ) ਪੂਰਵ-ਕਾਬਲ ਅਤੇ ਰਜਿਸਟਰਸ਼ੁਦਾ ਬੋਲੀਕਾਰਾਂ ਦੀ ਸੂਚੀ, ਜਿਹੀ ਕਿ ਸੂਰਤ ਹੋਵੇ;

(ਹ) ਧਾਰਾ 24 ਦੇ ਅਧੀਨ ਬਾਹਰ ਰੱਖੇ ਗਏ ਬੋਲੀਕਾਰਾਂ ਦੀ ਸੂਚੀ, ਕਾਰਨਾਂ ਸਮੇਤ;

(ਕ) ਧਾਰਾਵਾਂ 49 ਅਤੇ 50 ਅਧੀਨ ਫ਼ੈਸਲੇ;

(ਖ) ਸਫ਼ਲ ਬੋਲੀਆਂ, ਉਨ੍ਹਾਂ ਦੀਆਂ ਕੀਮਤਾਂ ਅਤੇ ਬੋਲੀਕਾਰਾਂ ਦੇ ਵੇਰਵੇ;

(ਗ) ਬੋਲੀਕਾਰਾਂ ਦੇ ਵੇਰਵੇ ਜਿਨ੍ਹਾਂ ਨੂੰ ਧਾਰਾ 26 ਅਧੀਨ ਕਾਲੀ ਸੂਚੀ ਵਿੱਚ ਰੱਖਿਆ ਗਿਆ ਹੈ, ਸਮੇਤ ਉਪਾਪਨ ਕਰਨ ਵਾਲੀ ਹਸਤੀ ਦਾ ਨਾਂ, ਕਾਲੀ ਸੂਚੀਬੱਧ ਕਾਰਵਾਈ ਦਾ ਕਾਰਨ ਅਤੇ ਕਾਲੀ ਸੂਚੀਬੱਧ ਕਰਨ ਦੀ ਮੁੱਦਤ; ਅਤੇ

(ਘ) ਉਪਾਪਨ ਨਾਲ ਸਬੰਧਤ ਸ਼ਿਕਾਇਤਾਂ ਦੇ ਹੱਲ ਬਾਰੇ ਡਾਟਾ।

(4) ਉਪਾਪਨ ਕਰਨ ਵਾਲੀ ਹਸਤੀ ਦੁਆਰਾ ਕੀਤੀ ਜਾਣ ਵਾਲੀ ਸਾਰੀ ਉਪਾਪਨ ਘੱਟੋ-ਘੱਟ ਰਾਜ ਜਨਤਕ ਉਪਾਪਨ ਪੋਰਟਲ ਤੇ ਪ੍ਰਕਾਸ਼ਤ ਕੀਤੀ ਜਾਵੇਗੀ।

(5) ਰਾਜ ਜਨਤਕ ਉਪਾਪਨ ਪੋਰਟਲ 'ਤੇ ਅਜਿਹੀ ਹੋਰ ਸੂਚਨਾ ਵੀ ਦਰਜ ਹੋਵੇਗੀ ਜਿਵੇਂ ਮੁਕੱਰਰ ਕੀਤਾ ਜਾਵੇ।

## ਅਧਿਆਏ IX

## ਸੰਸਥਾਗਤ ਵਿਵਸਥਾ

ਗੁਪਤਤਾ। 44. (1) ਇਸ ਐਕਟ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਪਰੰਤੂ ਸੂਚਨਾ ਦੇ ਪ੍ਰਗਟਾਵੇ ਲਈ ਉਪਬੰਧ ਕਰਦੇ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਦੇ ਤਾਬੇ, ਇੱਕ ਉਪਾਪਨ ਕਰਨ ਵਾਲੀ ਹਸਤੀ ਕਿਸੇ ਵੀ ਸੂਚਨਾ ਦਾ ਪ੍ਰਗਟਾਵਾ ਨਹੀਂ ਕਰੇਗੀ ਜੇ ਉਸ ਦੀ ਰਾਏ ਵਿੱਚ ਅਜਿਹੇ ਪ੍ਰਗਟਾਵੇ ਨਾਲ,–

(i) ਕਿਸੇ ਵੀ ਕਾਨੂੰਨ ਨੂੰ ਲਾਗੂ ਕਰਨ ਵਿੱਚ ਅੜਚਣ ਪਾਉਣ; ਜਾਂ

(ii) ਭਾਰਤ ਦੀ ਸੁਰੱਖਿਆ ਜਾਂ ਰਣਨੀਤਿਕ ਹਿੱਤਾਂ ਨੂੰ ਪ੍ਰਭਾਵਤ ਕਰਨ;

(iii) ਬੋਲੀਕਾਰਾਂ ਦੇ ਬੌਧਿਕ ਸੰਪੱਤੀ ਅਧਿਕਾਰਾਂ ਜਾਂ ਜਾਇਜ਼ ਵਣਜਕ ਹਿੱਤਾਂ ਨੂੰ ਪ੍ਰਭਾਵਤ ਕਰਨ; ਜਾਂ

(iv) ਉਪਾਪਨ ਕਰਨ ਵਾਲੀ ਹਸਤੀ ਦੇ ਜਾਇਜ਼ ਵਣਜਕ ਹਿੱਤਾਂ ਨੂੰ ਪ੍ਰਭਾਵਤ ਕਰਨ;

ਦੀ ਸੰਭਾਵਨਾ ਹੈ।

(2) ਇਸ ਐਕਟ ਵਿੱਚ ਹੋਰ ਤਰ੍ਹਾਂ ਉਪਬੰਧਤ ਦੇ ਸਿਵਾਏ, ਇੱਕ ਉਪਾਪਨ ਕਰਨ ਵਾਲੀ ਹਸਤੀ ਉਪਾਪਨ ਅਮਲ ਨਾਲ ਸਬੰਧਤ ਬੋਲੀਕਾਰਾਂ ਨਾਲ ਸਾਰੀਆਂ ਸੰਸੂਚਨਾਵਾਂ ਨੂੰ ਅਜਿਹੇ ਤਰੀਕੇ ਨਾਲ ਵਰਤੇਗੀ ਕਿ ਪ੍ਰਤਿਯੋਗੀ ਬੋਲੀਕਾਰਾਂ ਜਾਂ ਕਿਸੇ ਹੋਰ ਵਿਅਕਤੀ ਨੂੰ ਜੋ ਅਜਿਹੀ ਸੂਚਨਾ ਤੱਕ ਪਹੁੰਚ ਪ੍ਰਾਪਤ ਕਰਨ ਲਈ ਅਧਿਕਾਰਤ ਨਹੀਂ ਹੈ, ਉਨ੍ਹਾਂ ਦੇ ਪ੍ਰਗਟਾਵੇ ਤੋਂ ਬਚਾਇਆ ਜਾ ਸਕੇ।

(3) ਉਪਾਪਨ ਕਰਨ ਵਾਲੀ ਹਸਤੀ ਬੋਲੀਕਾਰਾਂ ਅਤੇ ਉਪ–ਮੁਆਇਦਾਕਾਰਾਂ, ਜੇਕਰ ਕੋਈ ਹੋਣ, 'ਤੇ ਉਪਾਪਨ ਮੁਆਇਦੇ ਦੇ ਨਿਬੰਧਨਾਂ ਨੂੰ, ਪੂਰਾ ਕਰਨ ਲਈ, ਜਾਣਕਾਰੀ ਨੂੰ ਸੁਰੱਖਿਅਤ ਰੱਖਣ ਦੇ ਮਕਸਦ ਨਾਲ ਸ਼ਰਤਾਂ ਅਰੋਪ ਸਕਦੀ ਹੈ, ਜਿਨ੍ਹਾਂ ਦਾ ਪ੍ਰਗਟਾਵਾ ਉਪ-ਧਾਰਾ (1) ਦੀ ਖ਼ਿਲਾਫ਼ਵਰਜ਼ੀ ਕਰਦਾ ਹੈ।

(4) ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਇਸ ਦੇ ਉਲਟ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਮਾਲ, ਕੰਮਾਂ ਜਾਂ ਸੇਵਾਵਾਂ ਦੇ ਕਿਸੇ ਉਪਾਪਨ ਤੇ ਕੋਈ ਖਰਚ ਕੀਤਾ ਜਾਣਾ ਹੈ, ਤਾਂ ਇਹ ਅਧਿਕਾਰੀ ਦਾ, ਜਿਵੇਂ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਇਸ ਐਕਟ ਅਧੀਨ ਨਾਮਤ ਕੀਤਾ ਜਾਵੇ,

ਕਰਤੱਵ ਹੋਵੇਗਾ ਕਿ ਉਹ ਯਕੀਨੀ ਬਣਾਵੇ ਕਿ ਮਾਲ, ਕੰਮਾਂ ਜਾਂ ਸੇਵਾਵਾਂ ਦਾ ਉਪਾਪਨ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਵਿੱਚ ਉਲਿਖਤ ਜ਼ਾਬਤਿਆਂ ਦੀ ਅਨੁਸਾਰਤਾ ਵਿੱਚ ਹੈ।

45. (1) ਰਾਜ ਸਰਕਾਰ ਉਪਾਪਨ ਨੀਤੀ ਅਤੇ ਨਾਫ਼ਜ਼ ਡਾਇਰੈਟੋਰੇਟ ਸਥਾਪਤ ਕਰ ਸਕਦੀ ਹੈ ਜਿਸ ਦੀ ਅਗਵਾਈ ਰਾਜ ਸਰਕਾਰ ਦੇ ਵਿਸ਼ੇਸ਼ ਸਕੱਤਰ ਦੇ ਰੈਂਕ ਤੋਂ ਥੱਲੇ ਨ ਹੋਣ ਵਾਲੇ ਅਧਿਕਾਰੀ ਦੁਆਰਾ ਕੀਤੀ ਜਾਵੇਗੀ। ਉਪਾਪਨ ਸਹੂਲਤ।

(2) ਡਾਇਰੈਕਟੋਰੇਟ, ਇਸ ਨੂੰ ਸੌਂਪੇ ਗਏ ਕਾਜਕਾਰਾਂ ਨੂੰ ਨਿਭਾਉਣ ਲਈ, ਪੰਜਾਬ ਸਰਕਾਰ ਦੇ ਭਿੰਨ-ਭਿੰਨ ਪ੍ਰਬੰਧਕੀ ਵਿਭਾਗਾਂ ਦੇ ਅਧਿਕਾਰੀਆਂ, ਜਿਨ੍ਹਾਂ ਵਿੱਚ ਇਸ ਦੀਆਂ ਕਾਨੂੰਨ ਨਾਫ਼ਜ਼ ਕਰਨ ਵਾਲੀਆਂ ਏਜੰਸੀਆਂ ਜਾਂ ਉਪਾਪਨ ਕਰਨ ਵਾਲੀਆਂ ਹਸਤੀਆਂ ਸ਼ਾਮਲ ਹਨ, ਨੂੰ ਪ੍ਰਤਿਨਿਯੁਕਤੀ ਦੇ ਆਧਾਰ ਤੇ ਲੈ ਸਕਦੀ ਹੈ।

(3) ਡਾਇਰੈਕਟੋਰੇਟ ਹੇਠ-ਲਿਖੇ ਕਾਜਕਾਰਾਂ ਨੂੰ ਨਿਭਾਏਗਾ, ਅਰਥਾਤ:-

(ੳ) ਧਾਰਾ 43 ਦੇ ਅਧੀਨ ਸਥਾਪਤ ਰਾਜ ਜਨਤਕ ਉਪਾਪਨ ਪੋਰਟਲ ਨੂੰ ਅਪਡੇਟ ਅਤੇ ਕਾਇਮ ਰੱਖਣਾ;

(ਅ) ਟਰੇਨਿੰਗ ਅਤੇ ਪ੍ਰਮਾਣਨ ਲਈ ਵਿਵਸਥਾ ਕਰਨਾ;

(ੲ) ਇਸ ਐਕਟ ਦੇ ਉਪਬੰਧਾਂ ਦੇ ਪ੍ਰਭਾਵਸ਼ਾਲੀ ਪਰਿਪਾਲਣ ਲਈ ਰਾਜ ਸਰਕਾਰ ਨੂੰ ਉਪਾਵਾਂ ਦੀ ਸਿਫ਼ਾਰਸ਼ ਕਰਨਾ;

(ਸ) ਜਨਤਕ ਉਪਾਪਨ ਨਾਲ ਸਬੰਧਤ ਮਾਮਲੇ ਦੇ ਬਾਰੇ ਵਿੱਚ ਉਪਾਪਨ ਕਰਨ ਵਾਲੀਆਂ ਹਸਤੀਆਂ ਨੂੰ ਇਸ ਐਕਟ ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਦੇ ਸੰਗਤ, ਅਗਵਾਈ ਮੁਹੱਈਆ ਕਰਵਾਉਣਾ;

(ਹ) ਜਨਤਕ ਉਪਾਪਨ ਦੇ ਵੱਖ-ਵੱਖ ਤਰੀਕਿਆਂ ਦਾ ਅਧਿਐਨ ਕਰਨਾ ਅਤੇ ਮਿਆਰੀ ਬੋਲੀ ਦਸਤਾਵੇਜ਼, ਪੂਰਵ-ਕਾਬਲੀਅਤ ਦਸਤਾਵੇਜ਼ ਜਾਂ ਬੋਲੀਕਾਰ ਰਜਿਸਟਰੀਕਰਨ ਦਸਤਾਵੇਜ਼ ਤਿਆਰ ਕਰਨਾ ਅਤੇ ਸਿਫ਼ਾਰਸ਼ ਕਰਨਾ; ਅਤੇ

(ਕ) ਅਜਿਹੇ ਹੋਰ ਕਾਜਕਾਰਾਂ ਨੂੰ ਨਿਭਾਉਣਾ, ਜੋ ਰਾਜ ਸਰਕਾਰ ਦੁਆਰਾ ਇਸ ਨੂੰ ਸੌਂਪੇ ਜਾ ਸਕਦੇ ਹਨ।

(4) ਡਾਇਰੈਕਟੋਰੇਟ ਕੋਲ ਉਪਾਪਨ ਕਰਨ ਵਾਲੀ ਹਸਤੀ ਜਾਂ ਕਿਸੇ ਹੋਰ ਵਿਅਕਤੀ ਨੂੰ ਲਿਖਤੀ ਰੂਪ ਵਿੱਚ ਨੋਟਿਸ ਦੁਆਰਾ ਅਜਿਹੀ ਜਾਣਕਾਰੀ ਲੋੜਨ ਦੀ ਸ਼ਕਤੀ ਹੋਵੇਗੀ ਜੋ ਇਸ ਐਕਟ ਦੇ ਅਧੀਨ ਆਪਣੇ ਕਾਜਕਾਰ ਨਿਭਾਉਣ ਲਈ

ਜ਼ਰੂਰੀ ਹੋ ਸਕਦੀ ਹੈ। ਉਪਾਪਨ ਅਮਲ ਪੂਰਾ ਹੋਣ ਤੱਕ ਸੂਚਨਾ ਨੂੰ ਗੁਪਤ ਰੱਖਿਆ ਜਾਵੇਗਾ।

ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਲੋਕ ਸੇਵਕ ਹੋਣਾ।

46. ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ, ਦਿਸ਼ਾ-ਨਿਰਦੇਸ਼ਾਂ, ਹੁਕਮਾਂ ਜਾਂ ਅਧਿਸੂਚਨਾਵਾਂ ਅਧੀਨ ਜਾਂ ਇਨ੍ਹਾਂ ਦੇ ਅਨੁਸਰਣ ਵਿੱਚ ਉਪਾਪਨ ਕਰਨ ਵਾਲੀ ਹਸਤੀ ਦਾ ਹਰੇਕ ਅਧਿਕਾਰੀ ਜਾਂ ਕਰਮਚਾਰੀ ਜਾਂ ਇਸ ਐਕਟ ਅਧੀਨ ਗਠਤ ਕੀਤੀ ਗਈ ਕਿਸੇ ਕਮੇਟੀ ਦੇ ਕਾਰਜ ਕਰ ਰਹੇ ਮੈਂਬਰ ਨੂੰ ਭਾਰਤੀ ਦੰਡ ਸੰਘਤਾ, 1860 (1860 ਦਾ ਕੇਂਦਰੀ ਐਕਟ ਨੰ: 45) ਦੀ ਧਾਰਾ 21 ਦੇ ਅਰਥਾਂ ਅੰਦਰ ਲੋਕ ਸੇਵਕ ਸਮਝਿਆ ਜਾਵੇਗਾ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਓ।

47. ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੇ ਗਏ ਜਾਂ ਕੀਤੇ ਜਾਣੇ ਚਿਤਵਤ ਕਿਸੇ ਵੀ ਕਾਰਜ ਕਾਰਨ ਹੋਏ ਜਾਂ ਹੋਣ ਵਾਲੇ ਸੰਭਾਵਤ ਕਿਸੇ ਹਾਨ ਜਾਂ ਨੁਕਸਾਨ ਲਈ ਇਸ ਐਕਟ ਅਧੀਨ ਕਿਸੇ ਵੀ ਕਾਜਕਾਰ ਨੂੰ ਨਿਭਾਉਣ ਲਈ ਕਾਰਜ ਰਹੇ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਜਾਂ ਕਿਸੇ ਹੋਰ ਵਿਅਕਤੀ ਵਿਰੁੱਧ ਕੋਈ ਦਾਵਾ ਜਾਂ ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

## ਅਧਿਆਏ X

## ਉਪਾਪਨ ਪਾਲਣ ਪ੍ਰਬੰਧਨ

ਆਡਿਟ।

48. ਹਰੇਕ ਉਪਾਪਨ ਕਰਨ ਵਾਲੀ ਹਸਤੀ ਦੇ ਆਡਿਟ, ਆਡਿਟ ਰਿਪੋਰਟ ਵਿੱਚ, ਇਹ ਸ਼ਾਮਲ ਹੋਵੇਗਾ ਕਿ ਕੀ ਸਾਰੇ ਉਪਾਪਨਾਂ ਲਈ ਇਸ ਐਕਟ ਦੇ ਉਪਬੰਧਾਂ ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਦੀ ਪਾਲਣਾ ਕੀਤੀ ਗਈ ਹੈ।

## ਅਧਿਆਏ XI

## ਅਪੀਲ

ਅਪੀਲ।

49. ਧਾਰਾ 50 ਦੇ ਤਾਬੇ, ਜੇਕਰ ਕੋਈ ਬੋਲੀਕਾਰ ਜਾਂ ਭਾਵੀ ਬੋਲੀਕਾਰ ਉਪਾਪਨ ਕਰਨ ਵਾਲੀ ਹਸਤੀ ਦੇ ਕਿਸੇ ਫ਼ੈਸਲੇ, ਕਾਰਵਾਈ ਜਾਂ ਉਕਾਈ ਤੋਂ ਦੁਖਿਤ ਹੈ ਜਾਂ ਇਸ ਐਕਟ ਦੇ ਉਪਬੰਧਾਂ ਜਾਂ ਉਸ ਦੇ ਅਧੀਨ ਜਾਰੀ ਨਿਯਮਾਂ ਜਾਂ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਦਾ ਹੈ, ਤਾਂ ਉਹ ਉਪਾਪਨ ਕਰਨ ਵਾਲੀ ਹਸਤੀ ਦੇ ਅਜਿਹੇ ਅਧਿਕਾਰੀ ਨੂੰ, ਜਿਵੇਂ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਇਸ ਪ੍ਰਯੋਜਨ ਲਈ ਪਦਨਾਮਤ ਕੀਤਾ ਗਿਆ ਹੋਵੇ, ਅਜਿਹੀ ਮੁੱਦਤ ਦੇ ਅੰਦਰ, ਜਿਵੇਂ ਮੁਕੱਰਰ ਕੀਤੀ ਜਾਵੇ, ਸਪੱਸ਼ਟ ਤੌਰ ਤੇ ਆਧਾਰ ਜਾਂ ਆਧਾਰਾਂ ਤੇ ਜਿਨ੍ਹਾਂ 'ਤੇ ਉਹ ਦੁਖਿਤ ਮਹਿਸੂਸ ਕਰਦਾ ਹੈ, ਅਪੀਲ ਕਰ ਸਕਦਾ ਹੈ:

ਪਰੰਤੂ ਧਾਰਾ 42 ਦੇ ਨਿਬੰਧਨਾਂ ਅਨੁਸਾਰ ਬੋਲੀਕਾਰ ਨੂੰ ਸਫ਼ਲ ਘੋਸ਼ਿਤ ਕਰਨ ਤੋਂ ਪਿੱਛੋਂ, ਅਪੀਲ ਸਿਰਫ਼ ਉਸ ਬੋਲੀਕਾਰ ਦੁਆਰਾ ਹੀ ਦਾਇਰ ਕੀਤੀ ਜਾ ਸਕਦੀ ਹੈ ਜਿਸ ਨੇ ਉਪਾਪਨ ਕਰਨ ਵਾਲੀ ਹਸਤੀ ਕੋਲ ਬੋਲੀ ਪੇਸ਼ ਕੀਤੀ ਹੈ:

ਪਰੰਤੂ ਇਹ ਹੋਰ ਕਿ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਵਿੱਤੀ ਬੋਲੀ ਖੋਲ੍ਹਣ ਤੋਂ ਪਹਿਲਾਂ ਤਕਨੀਕੀ ਬੋਲੀ ਦਾ ਮੁਲਾਂਕਣ ਕਰਨ ਦੀ ਸੂਰਤ ਵਿੱਚ, ਵਿੱਤੀ ਬੋਲੀ ਦੇ ਮਾਮਲੇ ਨਾਲ ਸਬੰਧਤ ਅਪੀਲ ਸਿਰਫ਼ ਉਸ ਬੋਲੀਕਾਰ ਦੁਆਰਾ ਦਾਇਰ ਕੀਤੀ ਜਾ ਸਕੇਗੀ ਜਿਸ ਦੀ ਤਕਨੀਕੀ ਬੋਲੀ ਸਵੀਕਾਰਯੋਗ ਪਾਈ ਗਈ ਹੈ।

(2) ਉਪ-ਧਾਰਾ (1) ਅਧੀਨ ਅਪੀਲ ਪ੍ਰਾਪਤ ਹੋਣ ਤੇ, ਉਸ ਉਪ-ਧਾਰਾ ਅਧੀਨ ਪਦਨਾਮਤ ਅਧਿਕਾਰੀ, ਧਿਰਾਂ ਨੂੰ ਸੁਣਵਾਈ ਦਾ ਵਾਜਬ ਅਵਸਰ ਦੇਣ ਤੋਂ ਪਿੱਛੋਂ, ਇਹ ਨਿਰਧਾਰਤ ਕਰੇਗਾ ਕਿ ਕੀ ਉਪਾਪਨ ਕਰਨ ਵਾਲੀ ਹਸਤੀ ਇਸ ਐਕਟ ਦੇ ਉਪਬੰਧਾਂ, ਉਸ ਅਧੀਨ ਬਣਾਏ ਗਏ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਅਤੇ ਪੂਰਵ-ਕਾਬਲੀਅਤ ਦਸਤਾਵੇਜ਼ਾਂ, ਬੋਲੀਕਾਰ ਦੇ ਰਜਿਸਟਰੀਕਰਨ ਦਸਤਾਵੇਜ਼ਾਂ ਜਾਂ ਬੋਲੀ ਦਸਤਾਵੇਜ਼ਾਂ, ਜਿਹੀ ਕਿ ਸੂਰਤ ਹੋਵੇ, ਦੇ ਨਿਬੰਧਨਾਂ ਦੀ ਪਾਲਣਾ ਕੀਤੀ ਹੈ ਜਾਂ ਨਹੀਂ, ਅਤੇ ਉਸ ਅਨੁਸਾਰ ਇੱਕ ਹੁਕਮ ਪਾਸ ਕਰੇਗਾ ਜੋ ਅਪੀਲ ਕਰਨ ਵਾਲੀਆਂ ਧਿਰਾਂ ਲਈ ਅੰਤਮ ਅਤੇ ਬੰਧਨਕਾਰੀ ਹੋਵੇਗਾ।

(3) ਅਧਿਕਾਰੀ ਜਿਸ ਕੋਲ ਉਪ-ਧਾਰਾ (1) ਦੇ ਅਧੀਨ ਅਪੀਲ ਦਾਇਰ ਕੀਤੀ ਜਾ ਸਕੇਗੀ, ਨੂੰ ਪੂਰਵ-ਕਾਬਲੀਅਤ ਦਸਤਾਵੇਜ਼ਾਂ, ਬੋਲੀਕਾਰ ਰਜਿਸਟਰੀਕਰਨ ਦਸਤਾਵੇਜ਼ਾਂ ਜਾਂ ਬੋਲੀ ਦਸਤਾਵੇਜ਼ਾਂ ਵਿੱਚ, ਜਿਹੀ ਕਿ ਸੂਰਤ ਹੋਵੇ, ਉਪਾਪਨ ਕਰਨ ਵਾਲੀ ਹਸਤੀ ਦੁਆਰਾ ਉਲਿਖਤ ਕੀਤਾ ਜਾਵੇਗਾ।

(4) ਇਸ ਧਾਰਾ ਅਧੀਨ ਅਪੀਲ ਦੀ ਸੁਣਵਾਈ ਕਰਦੇ ਸਮੇਂ, ਸਬੰਧਤ ਅਧਿਕਾਰੀ ਅਜਿਹੇ ਜ਼ਾਬਤੇ ਦੀ ਪਾਲਣਾ ਕਰੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(5) ਕਿਸੇ ਵੀ ਸੂਚਨਾ ਦਾ ਜੋ ਭਾਰਤ ਦੇ ਜ਼ਰੂਰੀ ਸੁਰੱਖਿਆ ਹਿੱਤਾਂ ਨੂੰ ਜੁਹਫ਼ ਪਹੁੰਚਾਉਂਦੀ ਹੈ ਜਾਂ ਕਾਨੂੰਨ ਜਾਂ ਉਚਿਤ ਮੁਕਾਬਲੇ ਨੂੰ ਨਾਫ਼ਜ਼ ਕਰਨ ਵਿੱਚ ਅੜਚਣ ਪਾਉਂਦੀ ਹੈ, ਜਾਂ ਬੋਲੀਕਾਰ ਜਾਂ ਉਪਾਪਨ ਕਰਨ ਵਾਲੀ ਹਸਤੀ ਦੇ ਜਾਇਜ਼ ਵਣਜਕ ਹਿੱਤਾਂ ਤੇ ਪ੍ਰਤੀਕੂਲ ਪ੍ਰਭਾਵ ਪਾਉਂਦੀ ਹੈ, ਇਸ ਧਾਰਾ ਅਧੀਨ ਕਾਰਵਾਈ ਵਿੱਚ ਪ੍ਰਗਟਾਵਾ ਨਹੀਂ ਕੀਤਾ ਜਾਵੇਗਾ।

**ਕੁਝ ਕੁ ਕੇਸਾਂ ਵਿੱਚ ਅਪੀਲ ਦਾਇਰ ਨ ਹੋ ਸਕਣਾ।**

50. ਧਾਰਾ 49 ਦੇ ਅਧੀਨ ਹੇਠ-ਲਿਖੇ ਮਾਮਲਿਆਂ ਨਾਲ ਸਬੰਧਤ ਉਪਾਪਨ ਕਰਨ ਵਾਲੀ ਹਸਤੀ ਦੇ ਕਿਸੇ ਵੀ ਫ਼ੈਸਲੇ ਵਿਰੁੱਧ ਅਪੀਲ ਦਾਇਰ ਨਹੀਂ ਹੋ ਸਕੇਗੀ, ਅਰਥਾਤ:-

(ੳ) ਧਾਰਾ 8 ਦੇ ਨਿਬੰਧਨਾਂ ਦੇ ਅਨੁਸਾਰ ਉਪਾਪਨ ਦੀ ਜ਼ਰੂਰਤ ਦਾ ਨਿਰਧਾਰਣ;

(ਅ) ਧਾਰਾ 13 ਦੇ ਉਪਬੰਧਾਂ ਦੇ ਨਿਬੰਧਨਾਂ ਦੇ ਅਨੁਸਾਰ ਬੋਲੀ ਅਮਲ ਵਿੱਚ ਬੋਲੀਕਾਰਾਂ ਦੇ ਭਾਗ ਲੈਣ ਨੂੰ ਸੀਮਤ ਕਰਨ ਵਾਲੇ ਉਪਬੰਧਾਂ;

(ੲ) ਅਧਿਆਏ VI ਦੇ ਨਿਬੰਧਨਾਂ ਦੇ ਅਨੁਸਾਰ ਉਪਾਪਨ ਤਰੀਕੇ ਦੀ ਚੋਣ;

(ਸ) ਧਾਰਾ 40 ਦੇ ਨਿਬੰਧਨਾਂ ਦੇ ਅਨੁਸਾਰ ਗੱਲਬਾਤ ਕਰਨ ਜਾਂ ਨ ਕਰਨ ਦਾ ਫ਼ੈਸਲਾ;

(ਹ) ਧਾਰਾ 25 ਦੇ ਨਿਬੰਧਨਾਂ ਦੇ ਅਨੁਸਾਰ ਉਪਾਪਨ ਅਮਲ ਦੀ ਮਨਸੂਖੀ;

(ਕ) ਧਾਰਾ 44 ਦੇ ਅਧੀਨ ਗੁਪਤਤਾ ਦੇ ਉਪਬੰਧਾਂ ਦਾ ਲਾਗੂ ਹੋਣਾ; ਅਤੇ

(ਖ) ਕੋਈ ਹੋਰ ਮਾਮਲਾ ਜਿਵੇਂ ਮੁਕੱਰਰ ਕੀਤਾ ਜਾਵੇ।

## ਅਧਿਆਏ XII

## ਅਪਰਾਧ ਅਤੇ ਡੰਨ

ਜਨਤਕ ਉਪਾਪਨ ਦੇ ਬਾਰੇ ਵਿੱਚ ਪਰਿਤੋਸ਼ਣ ਜਾਂ ਮੁੱਲਵਾਨ ਚੀਜ਼ ਲੈਣ ਲਈ ਸਜ਼ਾ।

51. ਜੋ ਕੋਈ ਵੀ, ਉਪਾਪਨ ਕਰਨ ਵਾਲੀ ਹਸਤੀ ਦਾ ਅਧਿਕਾਰੀ ਜਾਂ ਕਰਮਚਾਰੀ ਹੋਣ ਦੇ ਨਾਤੇ, ਕਿਸੇ ਵੀ ਉਪਾਪਨ ਅਮਲ ਦੇ ਤੱਲਕ ਵਿੱਚ ਕਾਰਜ ਕਰਦਾ ਹੋਇਆ, ਕਿਸੇ ਵੀ ਵਿਅਕਤੀ ਤੋਂ ਆਪਣੇ ਲਈ ਜਾਂ ਕਿਸੇ ਹੋਰ ਵਿਅਕਤੀ ਲਈ, ਅਜਿਹੇ ਉਪਾਪਨ ਦੇ ਤੱਲਕ ਵਿੱਚ, ਕਿਸੇ ਪਦਵਿਕ ਕਾਰਜ ਨੂੰ ਕਰਨ ਜਾਂ ਨਾ ਕਰਨ ਲਈ ਜਾਂ ਉਸ ਦੇ ਪਦਵਿਕ ਕਾਜਕਾਰਾਂ ਦੀ ਵਰਤੋਂ ਕਰਨ ਵਿੱਚ ਕਿਸੇ ਵਿਅਕਤੀ ਦਾ ਪੱਖ ਪੂਰਨ ਜਾਂ ਪੱਖ ਦਾ ਵਿਰੋਧ ਕਰਨ ਲਈ ਜਾਂ ਕਿਸੇ ਵਿਅਕਤੀ ਨੂੰ ਕੋਈ ਸੇਵਾ ਦੇਣ ਜਾਂ ਅਪਕਾਰ ਦੇਣ ਜਾਂ ਦੇਣ ਲਈ ਯਤਨ ਕਰਨ ਲਈ, ਕਾਨੂੰਨੀ ਮਿਹਨਤਾਨੇ ਤੋਂ ਇਲਾਵਾ ਕੋਈ ਪਰਿਤੋਸ਼ਣ ਜਾਂ ਬਿਨ੍ਹਾਂ ਪ੍ਰਤੀਫ਼ਲ ਜਾਂ ਪ੍ਰਤੀਫ਼ਲ ਨਾਲ ਕੋਈ ਹੋਰ ਮੁੱਲਵਾਨ ਚੀਜ਼, ਇੱਕ ਮਨਸ਼ਾ ਜਾਂ ਇਨਾਮ ਵਜੋਂ ਸਵੀਕਾਰ ਕਰਦਾ ਹੈ ਜਾਂ ਪ੍ਰਾਪਤ ਕਰਦਾ ਹੈ ਜਾਂ ਸਵੀਕਾਰ ਕਰਨ ਲਈ ਸਹਿਮਤ ਹੁੰਦਾ ਹੈ ਜਾਂ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ, ਛੇ ਮਹੀਨਿਆਂ ਤੋਂ ਨ ਘੱਟ ਦੀ ਕੈਦ ਨਾਲ ਸਜ਼ਾਯੋਗ ਹੋਵੇਗਾ ਪਰ ਜੋ ਸੱਤ ਸਾਲ ਤੱਕ ਵਧ ਸਕਦੀ ਹੈ ਅਤੇ ਜੁਰਮਾਨੇ ਲਈ ਵੀ ਜੋ ਪੰਜਾਹ ਲੱਖ ਰੁਪਏ ਤੱਕ ਜਾਂ ਉਪਾਪਨ ਦੇ ਨਿਰਧਾਰਤ ਮੁੱਲ ਦਾ ਦਸ ਪ੍ਰਤੀਸ਼ਤ, ਜਿਹੜਾ ਵੀ ਘੱਟ ਹੋਵੇ, ਭਾਗੀ ਹੋਵੇਗਾ।

ਉਪਾਪਨ ਅਮਲ ਵਿੱਚ ਦਖ਼ਲਅੰਦਾਜ਼ੀ।

52. (1) ਜੋ ਕੋਈ ਵੀ,-

(ੳ) ਕਿਸੇ ਵੀ ਸੰਭਾਵੀ ਬੋਲੀਕਾਰ ਜਾਂ ਬੋਲੀਕਾਰ ਲਈ ਦੋਸ਼ਪੂਰਨ ਲਾਭ ਜਾਂ ਅਣਉਚਿਤ ਲਾਭ ਸੁਨਿਸ਼ਚਿਤ ਕਰਨ ਦੇ ਇਰਾਦੇ

ਨਾਲ ਉਪਾਪਨ ਅਮਲ ਵਿੱਚ ਦਖ਼ਲਅੰਦਾਜ਼ੀ ਕਰਦਾ ਹੈ, ਜਾਂ ਪ੍ਰਭਾਵਿਤ ਕਰਦਾ ਹੈ; ਜਾਂ

(ਅ) ਕਿਸੇ ਵੀ ਸੰਭਾਵੀ ਬੋਲੀਕਾਰ ਜਾਂ ਬੋਲੀਕਾਰ ਨੂੰ ਕੋਈ ਅਣਉਚਿਤ ਅਲਾਭ ਪਹੁੰਚਾਉਣ ਦੇ ਇਰਾਦੇ ਨਾਲ ਉਪਾਪਨ ਅਮਲ ਵਿੱਚ ਦਖ਼ਲਅੰਦਾਜ਼ੀ ਕਰਦਾ ਹੈ; ਜਾਂ

(ੲ) ਉਚਿਤ ਮੁਕਾਬਲੇ ਨੂੰ ਅਣ-ਵਾਜਬ ਤੌਰ ਤੇ ਬੰਧੇਜ ਕਰਨ ਦੇ ਉਦੇਸ਼ ਨਾਲ, ਸਿੱਧੇ ਜਾਂ ਅਸਿੱਧੇ ਤੌਰ ਤੇ, ਕੋਈ ਵੀ ਕਾਰਵਾਈ ਜਾਂ ਸਰਗਰਮੀਆਂ ਵਿੱਚ ਲੱਗਿਆ ਹੈ;

(ਸ) ਇਰਾਦਤਨ ਕਿਸੇ ਵੀ ਉਪਾਪਨ ਕਰਨ ਵਾਲੀ ਹਸਤੀ ਜਾਂ ਇਸ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਨੂੰ ਪ੍ਰਭਾਵਿਤ ਕਰਦਾ ਹੈ ਜਾਂ ਜਾਣਬੁੱਝ ਕੇ ਜਾਂ ਧੋਖਾਧੜੀ ਨਾਲ ਕੋਈ ਦ੍ਰਿੜਕਥਤ ਜਾਂ ਪ੍ਰਤੀਨਿਧਤਾ ਕਰਦਾ ਹੈ ਜੋ ਕਿਸੇ ਵੀ ਉਪਾਪਨ ਅਮਲ ਵਿੱਚ ਉਚਿਤ ਮੁਕਾਬਲੇ ਨੂੰ ਬੰਧੇਜ ਜਾਂ ਸੀਮਤ ਕਰੇਗਾ; ਜਾਂ

(ਹ) ਇੱਕ ਉਪਾਪਨ ਕਰਨ ਵਾਲੀ ਹਸਤੀ ਦੇ ਸਾਬਕਾ ਅਧਿਕਾਰੀ ਜਾਂ ਕਰਮਚਾਰੀ ਨੂੰ ਕਰਮਚਾਰੀ, ਡਾਇਰੈਕਟਰ, ਸਲਾਹਕਾਰ, ਸਲਾਹਕਾਰ ਜਾਂ ਹੋਰਵੇਂ ਤੌਰ ਤੇ ਇੱਕ ਸਾਲ ਦੀ ਮੁੱਦਤ ਦੇ ਅੰਦਰ ਜਿਸ ਦੌਰਾਨ ਅਜਿਹਾ ਸਾਬਕਾ ਅਧਿਕਾਰੀ ਜਾਂ ਕਰਮਚਾਰੀ ਉਪਾਪਨ ਨਾਲ ਸਹਿਯੁਕਤ ਸੀ ਜਿਸ ਵਿੱਚ ਨਿਯੋਜਨ ਦਾ ਹਿੱਤ ਸੀ, ਲਗਾਉਂਦਾ ਹੈ;

(ਕ) ਉਪਾਪਨ ਅਮਲ ਵਿੱਚ ਕਿਸੇ ਵੀ ਰੂਪ ਵਿੱਚ ਬੋਲੀ-ਹੇਰਾਫੇਰੀ, ਗਠਜੋੜ ਖੁੱਲ੍ਹੀ ਬੋਲੀ ਜਾਂ ਮੁਕਾਬਲੇ ਦੇ ਵਿਰੁੱਧ ਵਿਵਹਾਰ ਵਿੱਚ ਲੱਗਿਆ ਹੋਇਆ ਹੈ; ਜਾਂ

(ਖ) ਇਰਾਦਤਨ ਕਿਸੇ ਵੀ ਨਾਵਾਜਬ ਉਪਲੱਬਧੀ ਲਈ ਧਾਰਾ 44 ਵਿੱਚ ਦਰਸਾਈ ਗੁਪਤਤਾ ਭੰਗ ਕਰਦਾ ਹੈ,

ਕੈਦ ਦੀ ਅਉਧ ਨਾਲ ਸਜ਼ਾ ਦਿੱਤੀ ਜਾਵੇਗੀ ਜੋ ਸੱਤ ਸਾਲ ਤੱਕ ਹੋ ਸਕਦੀ ਹੈ ਅਤੇ ਜੁਰਮਾਨੇ ਲਈ ਵੀ ਜੋ ਪੰਜਾਹ ਲੱਖ ਰੁਪਏ ਜਾਂ ਉਪਾਪਨ ਦੇ ਨਿਰਧਾਰਤ ਮੁੱਲ ਦਾ ਦਸ ਪ੍ਰਤੀਸ਼ਤ, ਜਿਹੜਾ ਵੀ ਘੱਟ ਹੋਵੇ, ਭਾਗੀ ਹੋਵੇਗਾ।

(2) ਇੱਕ ਬੋਲੀਕਾਰ, ਜੋ,-

(ੳ) ਵਿੱਤੀ ਬੋਲੀਆਂ ਖੁੱਲ੍ਹਣ ਤੋਂ ਬਾਅਦ ਉਪਾਪਨ ਅਮਲ ਤੋਂ ਹਟ ਜਾਂਦਾ ਹੈ; ਜਾਂ

(ਅ) ਸਫ਼ਲ ਬੋਲੀਕਾਰ ਘੋਸ਼ਿਤ ਹੋਣ ਤੋਂ ਬਾਅਦ ਉਪਾਪਨ ਅਮਲ ਤੋਂ ਹਟ ਜਾਂਦਾ ਹੈ; ਜਾਂ

(ੲ) ਸਫ਼ਲ ਬੋਲੀਕਾਰ ਘੋਸ਼ਿਤ ਹੋਣ ਤੋਂ ਬਾਅਦ ਉਪਾਪਨ ਮੁਆਇਦਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ; ਜਾਂ

(ਸ) ਸਫ਼ਲ ਬੋਲੀਕਾਰ ਘੋਸ਼ਿਤ ਹੋਣ ਤੋਂ ਬਾਅਦ, ਬਿਨ੍ਹਾਂ ਜਾਇਜ਼ ਆਧਾਰਾਂ ਤੋਂ, ਬੋਲੀ ਦਸਤਾਵੇਜ਼ਾਂ ਦੇ ਨਿਬੰਧਨਾਂ ਅਨੁਸਾਰ ਲੋੜੀਂਦੀ ਪਾਲਣਾ ਸਕਿਉਰਿਟੀ ਜਾਂ ਕੋਈ ਹੋਰ ਦਸਤਾਵੇਜ਼ ਜਾਂ ਸਕਿਉਰਿਟੀ ਮੁਹੱਈਆ ਕਰਵਾਉਣ ਵਿੱਚ ਅਸਫ਼ਲ ਰਹਿੰਦਾ ਹੈ,

ਧਾਰਾ 26 ਦੇ ਉਪਬੰਧਾਂ ਤੋਂ ਇਲਾਵਾ, ਜੁਰਮਾਨੇ ਨਾਲ, ਜੋ ਕਿ ਪੰਜਾਹ ਲੱਖ ਰੁਪਏ ਜਾਂ ਉਪਾਪਨ ਦੇ ਨਿਰਧਾਰਤ ਮੁੱਲ ਦਾ ਦਸ ਪ੍ਰਤੀਸ਼ਤ ਤੱਕ ਹੋ ਸਕਦਾ ਹੈ, ਜੋ ਵੀ ਘੱਟ ਹੋਵੇ, ਸਜ਼ਾ ਦਿੱਤੀ ਜਾਵੇਗੀ।

ਤੰਗ ਕਰਨ ਵਾਲੀਆਂ ਅਪੀਲਾਂ ਜਾਂ ਸ਼ਿਕਾਇਤਾਂ।

53. ਜੋ ਕੋਈ ਵੀ, ਇਸ ਐਕਟ ਅਧੀਨ ਕਿਸੇ ਵੀ ਉਪਾਪਨ ਵਿੱਚ ਦੇਰੀ ਕਰਨ ਜਾਂ ਨਿਸਫ਼ਲ ਕਰਨ ਜਾਂ ਕਿਸੇ ਉਪਾਪਨ ਕਰਨ ਵਾਲੀ ਹਸਤੀ ਜਾਂ ਕਿਸੇ ਹੋਰ ਬੋਲੀਕਾਰ ਨੂੰ ਹਾਨ ਪਹੁੰਚਾਉਣ ਦੇ ਇਰਾਦੇ ਨਾਲ, ਇਰਾਦਤਨ ਤੰਗ ਕਰਨ ਵਾਲੀ, ਬੇਤੁਕੀ ਜਾਂ ਦੁਰਭਾਵਨਾਪੂਰਵਕ ਅਪੀਲ ਜਾਂ ਸ਼ਿਕਾਇਤ ਦਾਇਰ ਕਰਦਾ ਹੈ, ਜੁਰਮਾਨੇ ਦੀ ਜੋ ਵੀਹ ਲੱਖ ਰੁਪਏ ਜਾਂ ਉਪਾਪਨ ਮੁੱਲ ਦਾ ਪੰਜ ਪ੍ਰਤੀਸ਼ਤ, ਜੋ ਵੀ ਘੱਟ ਹੋਵੇ, ਸਜ਼ਾ ਦਿੱਤੀ ਜਾਵੇਗੀ।

ਕੰਪਨੀਆਂ ਦੁਆਰਾ ਅਪਰਾਧ।

54. (1) ਜਿੱਥੇ ਇਸ ਐਕਟ ਅਧੀਨ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੈ, ਉੱਥੇ ਹਰੇਕ ਉਹ ਵਿਅਕਤੀ ਜੋ ਅਪਰਾਧ ਕਰਨ ਸਮੇਂ, ਕੰਪਨੀ ਦੇ ਕਾਰੋਬਾਰ ਦੇ ਸੰਚਾਲਨ ਲਈ ਅਤੇ ਉਸ ਪ੍ਰਤੀ ਉਤਰਦਾਈ ਸੀ ਅਤੇ ਕੰਪਨੀ ਦਾ ਇੰਚਾਰਜ ਸੀ, ਨਾਲੇ ਉਹ ਕੰਪਨੀ ਉਸ ਅਪਰਾਧ ਦੇ ਦੋਸ਼ੀ ਸਮਝੇ ਜਾਣਗੇ ਅਤੇ ਉਸ ਅਨੁਸਾਰ ਆਪਣੇ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦੇ ਭਾਗੀ ਹੋਣਗੇ:

ਪਰੰਤੂ ਇਸ ਉਪ-ਧਾਰਾ ਵਿੱਚ ਦਰਜ ਕੋਈ ਗੱਲ ਕਿਸੇ ਅਜਿਹੇ ਵਿਅਕਤੀ ਨੂੰ ਸਜ਼ਾ ਲਈ ਭਾਗੀ ਨਹੀਂ ਬਣਾਵੇਗੀ ਜੇ ਉਹ ਇਹ ਸਾਬਤ ਕਰ ਦਿੰਦਾ ਹੈ ਕਿ ਅਪਰਾਧ ਉਸ ਦੀ ਜਾਣਕਾਰੀ ਤੋਂ ਬਿਨਾਂ ਕੀਤਾ ਗਿਆ ਸੀ ਜਾਂ ਉਸ ਨੇ ਅਜਿਹੇ ਅਪਰਾਧ ਨੂੰ ਰੋਕਣ ਲਈ ਪੂਰੀ ਯੋਗ ਤਨਦਿਹੀ ਦੀ ਵਰਤੋਂ ਕੀਤੀ ਸੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਇਸ ਐਕਟ ਦੇ ਅਧੀਨ ਕੋਈ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੈ ਅਤੇ ਇਹ ਸਾਬਤ ਹੋ ਜਾਂਦਾ ਹੈ ਕਿ ਅਪਰਾਧ ਕਿਸੇ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਕੰਪਨੀ ਦੇ ਹੋਰ ਅਧਿਕਾਰੀ ਦੀ ਸਹਿਮਤੀ ਜਾਂ ਗੁੱਝੀ ਰਜ਼ਾਮੰਦੀ ਨਾਲ

ਕੀਤਾ ਗਿਆ ਹੈ ਜਾਂ ਉਸ ਦੀ ਕਿਸੇ ਅਣਗਹਿਲੀ ਕਾਰਨ ਹੋਇਆ ਮੰਨਿਆ ਜਾ ਸਕਦਾ ਹੈ, ਉੱਥੇ ਅਜਿਹਾ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਹੋਰ ਅਧਿਕਾਰੀ ਵੀ ਉਸ ਅਪਰਾਧ ਦੋਸ਼ੀ ਸਮਝਿਆ ਜਾਵੇਗਾ ਅਤੇ ਉਸ ਅਨੁਸਾਰ ਆਪਣੇ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ।

**ਵਿਆਖਿਆ**- ਇਸ ਧਾਰਾ ਦੇ ਪ੍ਰਯੋਜਨ ਲਈ,-

(i) "ਕੰਪਨੀ" ਦਾ ਮਤਲਬ ਹੈ ਇੱਕ ਨਿਗਮਤ ਬੌਡੀ ਅਤੇ ਇਸ ਵਿੱਚ ਸੀਮਤ ਦੇਣਦਾਰੀ ਭਾਈਵਾਲੀ, ਫ਼ਰਮ, ਰਜਿਸਟਰਸ਼ੁਦਾ ਸੋਸਾਇਟੀ ਜਾਂ ਸਹਿਕਾਰੀ ਸੋਸਾਇਟੀ, ਟਰੱਸਟ ਜਾਂ ਵਿਅਕਤੀਆਂ ਦੀ ਹੋਰ ਸਭਾ ਸ਼ਾਮਲ ਹਨ; ਅਤੇ

(ii) "ਡਾਇਰੈਕਟਰ" ਦਾ, ਸੀਮਤ ਦੇਣਦਾਰੀ ਭਾਈਵਾਲੀ ਜਾਂ ਫ਼ਰਮ ਦੇ ਸਬੰਧ ਵਿੱਚ, ਮਤਲਬ ਹੈ ਉਸ ਫ਼ਰਮ ਵਿੱਚ ਭਾਈਵਾਲ।

ਕੁੱਝ ਕੁ ਅਪਰਾਧਾਂ ਦੀ ਸ਼ਹਿ।

55. ਜੋ ਕੋਈ ਇਸ ਐਕਟ ਅਧੀਨ ਸਜ਼ਾਯੋਗ ਅਪਰਾਧ ਨੂੰ ਸ਼ਹਿ ਦਿੰਦਾ ਹੈ, ਭਾਵੇਂ ਉਹ ਅਪਰਾਧ ਉਸ ਸ਼ਹਿ ਦੇ ਫਲਸਰੂਪ ਕੀਤਾ ਗਿਆ ਹੈ ਜਾਂ ਨਹੀਂ, ਉਸ ਨੂੰ ਉਸ ਅਪਰਾਧ ਲਈ ਉਪਬੰਧਤ ਸਜ਼ਾ ਦਿੱਤੀ ਜਾਵੇਗੀ।

ਬੋਲੀ ਲਗਾਉਣ ਤੋਂ ਵਰਜਣਾ।

56. (1) ਰਾਜ ਸਰਕਾਰ ਦੁਆਰਾ ਇੱਕ ਬੋਲੀਕਾਰ ਨੂੰ ਵਰਜਤ ਕੀਤਾ ਜਾਵੇਗਾ ਜੇ ਉਸ ਨੂੰ,-

(ੳ) ਭ੍ਰਿਸ਼ਟਾਚਾਰ ਰੋਕਥਾਮ ਐਕਟ, 1988 (1988 ਦਾ ਕੇਂਦਰੀ ਐਕਟ ਨੰ: 49) ਦੇ ਅਧੀਨ; ਜਾਂ

(ਅ) ਭਾਰਤੀ ਦੰਡ ਸੰਘਤਾ, 1860 (1860 ਦਾ ਕੇਂਦਰੀ ਐਕਟ ਨੰ: 45) ਜਾਂ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਅਧੀਨ, ਜਨਤਕ ਉਪਾਪਨ ਮੁਆਇਦੇ ਦੇ ਤਕਮੀਲ ਹੋਣ ਦੇ ਭਾਗ ਵਜੋਂ ਜੀਵਨ ਜਾਂ ਸੰਪੱਤੀ ਨੂੰ ਹਾਨ ਪਹੁੰਚਾਉਣ ਲਈ ਜਾਂ ਜਨਤਕ ਸਿਹਤ ਨੂੰ ਖ਼ਤਰਾ ਪਹੁੰਚਾਉਣ ਲਈ, ਕਿਸੇ ਅਪਰਾਧ ਦਾ ਸਿੱਧ-ਦੋਸ਼ ਠਹਿਰਾਇਆ ਗਿਆ ਹੈ।

(2) ਉਪ-ਧਾਰਾ (1) ਦੇ ਅਧੀਨ ਵਰਜਤ ਕੀਤਾ ਗਿਆ ਬੋਲੀਕਾਰ ਉਸ ਨੂੰ ਵਰਜਤ ਕੀਤੇ ਜਾਣ ਦੀ ਤਰੀਕ ਤੋਂ ਅਰੰਭ ਹੋ ਕੇ ਤਿੰਨ ਸਾਲਾਂ ਤੋਂ ਨ ਵੱਧ ਦੀ ਮੁੱਦਤ ਲਈ ਕਿਸੇ ਵੀ ਉਪਾਪਨ ਕਰਨ ਵਾਲੀ ਹਸਤੀ ਦੇ ਉਪਾਪਨ ਅਮਲ ਵਿੱਚ ਭਾਗ ਲੈਣ ਦਾ ਪਾਤਰ ਨਹੀਂ ਹੋਵੇਗਾ।

(3) ਜੇ ਉਪਾਪਨ ਕਰਨ ਵਾਲੀ ਹਸਤੀ ਇਸ ਸਿੱਟੇ ਤੇ ਪਹੁੰਚਦੀ ਹੈ ਕਿ ਬੋਲੀਕਾਰ ਧਾਰਾ 7 ਵਿੱਚ ਉਲਿਖਤ ਕੀਤੇ ਦਿਆਨਤਦਾਰੀ ਦੀ ਸੰਘਤਾ ਭੰਗ ਕਰਦਾ ਹੈ, ਤਾਂ ਉਹ ਬੋਲੀਕਾਰ ਨੂੰ ਤਿੰਨ ਸਾਲਾਂ ਤੋਂ ਵੱਧ ਨ ਹੋਣ ਵਾਲੀ ਮੁੱਦਤ ਲਈ ਵਰਜਤ ਕਰ ਸਕੇਗੀ।

(4) ਜਿੱਥੇ ਉਪਾਪਨ ਅਮਲ ਜਾਂ ਉਪਾਪਨ ਦੇ ਮੁਆਇਦੇ ਦੇ ਬਾਰੇ ਵਿੱਚ ਉਪਾਪਨ ਦੀ ਪੂਰੀ ਬੋਲੀ ਸਕਿਉਰਿਟੀ ਜਾਂ ਪੂਰੀ ਪਾਲਣ ਸਕਿਉਰਿਟੀ ਜਾਂ ਉਸ ਦਾ ਇਵਜ਼ੀ, ਜਿਹੀ ਕਿ ਸੂਰਤ ਹੋਵੇ, ਕਿਸੇ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਜ਼ਬਤ ਕਰ ਲਈ ਜਾਂਦੀ ਹੈ, ਤਾਂ ਬੋਲੀਕਾਰ ਨੂੰ ਉਪਾਪਨ ਕਰਨ ਵਾਲੀ ਹਸਤੀ ਦੁਆਰਾ ਪੂਰੇ ਕੀਤੇ ਜਾਂਦੇ ਕਿਸੇ ਵੀ ਉਪਾਪਨ ਅਮਲ ਵਿੱਚ ਹਿੱਸਾ ਲੈਣ ਤੋਂ ਤਿੰਨ ਸਾਲਾਂ ਤੋਂ ਵੱਧ ਨ ਹੋਣ ਵਾਲੀ ਮੁੱਦਤ ਲਈ ਵਰਜਤ ਕੀਤਾ ਜਾ ਸਕੇਗਾ।

(5) ਰਾਜ ਸਰਕਾਰ ਜਾਂ ਉਪਾਪਨ ਕਰਨ ਵਾਲੀ ਹਸਤੀ, ਜਿਹੀ ਕਿ ਸੂਰਤ ਹੋਵੇ, ਇਸ ਧਾਰਾ ਦੇ ਅਧੀਨ ਕਿਸੇ ਬੋਲੀਕਾਰ ਨੂੰ ਵਰਜਤ ਨਹੀਂ ਕਰੇਗੀ, ਜਦੋਂ ਤੱਕ ਕਿ ਅਜਿਹੇ ਬੋਲੀਕਾਰ ਨੂੰ ਸੁਣਵਾਈ ਦਾ ਵਾਜਬ ਮੌਕਾ ਨਾ ਦਿੱਤਾ ਗਿਆ ਹੋਵੇ।

ਮੁਕੱਦਮਾ ਚਲਾਉਣ ਲਈ ਪੂਰਵ ਮਨਜ਼ੂਰੀ ਜ਼ਰੂਰੀ ਹੋਣਾ।

57. ਕੋਈ ਵੀ ਅਦਾਲਤ ਕਿਸੇ ਸਰਕਾਰੀ ਸੇਵਕ ਦੁਆਰਾ ਉਸ ਦੇ ਨਿਯੋਜਨ ਦੌਰਾਨ ਕਥਤ ਕੀਤੇ ਗਏ ਅਪਰਾਧ ਦਾ,-

(ੳ) ਇੱਕ ਵਿਅਕਤੀ ਦੇ ਮਾਮਲੇ ਵਿੱਚ ਜੋ ਰਾਜ ਦੇ ਮਾਮਲਿਆਂ ਦੇ ਸਬੰਧ ਵਿੱਚ ਨਿਯੋਜਤ ਹੈ ਅਤੇ ਉਸ ਦੇ ਅਹੁਦੇ ਤੋਂ ਰਾਜ ਸਰਕਾਰ ਦੀ ਮਨਜ਼ੂਰੀ ਤੋਂ ਸਿਵਾਏ ਜਾਂ ਨਾਲ ਹਟਾਉਣਯੋਗ ਨਹੀਂ ਹੈ, ਉਸ ਸਰਕਾਰ ਦੀ; ਅਤੇ

(ਅ) ਕਿਸੇ ਹੋਰ ਵਿਅਕਤੀ ਦੇ ਮਾਮਲੇ ਵਿੱਚ, ਉਸ ਨੂੰ ਅਹੁਦੇ ਤੋਂ ਹਟਾਉਣ ਲਈ ਸ਼ਕਤਵਾਨ ਅਥਾਰਟੀ ਦੀ,

ਪੂਰਵ ਮਨਜ਼ੂਰੀ ਤੋਂ ਬਿਨ੍ਹਾਂ ਇਸ ਐਕਟ ਅਧੀਨ ਸਜ਼ਾਯੋਗ ਅਪਰਾਧ ਦਾ ਸਮਾਇਤ ਨਹੀਂ ਲਵੇਗੀ।

## ਅਧਿਆਏ XIII

### ਫੁਟਕਲ

ਹੋਰ ਕਾਨੂੰਨਾਂ ਦਾ ਲਾਗੂ ਹੋਣਾ।

58. ਇਸ ਐਕਟ ਦੇ ਉਪਬੰਧ ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਤੋਂ ਇਲਾਵਾ ਅਤੇ ਨਾ ਕਿ ਉਨ੍ਹਾਂ ਦਾ ਅਲਪਣ ਕਰਨ ਵਾਲੇ ਹੋਣਗੇ।

ਇਸ ਐਕਟ ਅਧੀਨ ਅਦਾਇਗੀਯੋਗ ਰਕਮਾਂ ਦੀ ਵਸੂਲੀ।

59. ਇਸ ਐਕਟ ਅਧੀਨ ਕਿਸੇ ਵੀ ਵਿਅਕਤੀ ਦੁਆਰਾ ਅਦਾਇਗੀਯੋਗ ਕੋਈ ਵੀ ਰਕਮ ਪੰਜਾਬ ਭੌਂ ਮਾਲੀਆ ਐਕਟ, 1887 (1887 ਦਾ ਪੰਜਾਬ ਐਕਟ ਨੰ: XVII) ਦੇ ਉਪਬੰਧਾਂ ਦੇ ਨਿਬੰਧਨਾਂ ਦੇ ਅਨੁਸਾਰ ਭੌਂ ਮਾਲੀਏ ਦੇ ਬਕਾਏ ਵਜੋਂ ਵਸੂਲੀਯੋਗ ਹੋਵੇਗੀ।

60. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ। ਨਿਯਮ ਬਣਾਉਣ ਦੀ ਸ਼ਕਤੀ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਉਹ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

61. ਇਸ ਐਕਟ ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਦੇ ਤਾਬੇ, ਰਾਜ ਸਰਕਾਰ, ਇਸ ਐਕਟ ਜਾਂ ਉਸ ਅਧੀਨ ਬਣਾਏ ਗਏ ਨਿਯਮਾਂ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕਰ ਸਕੇਗੀ। ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ।

62. (1) ਜੇਕਰ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਵਾਲੇ ਅਜਿਹੇ ਉਪਬੰਧ ਬਣਾ ਸਕੇਗੀ, ਜੋ ਉਸ ਨੂੰ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ: ਕਠਨਾਈਆਂ ਦੂਰ ਕਰਨ ਦੀ ਸ਼ਕਤੀ।

ਪਰੰਤੂ ਇਸ ਐਕਟ ਦੇ ਅਰੰਭ ਹੋਣ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਣ ਪਿੱਛੋਂ ਇਸ ਧਾਰਾ ਅਧੀਨ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਕੀਤਾ ਗਿਆ ਹਰੇਕ ਹੁਕਮ, ਇਸ ਦੇ ਕੀਤੇ ਜਾਣ ਤੋਂ ਪਿੱਛੋਂ ਜਿੰਨੀ ਜਲਦੀ ਹੋ ਸਕੇ, ਵਿਧਾਨ ਸਭਾ ਅੱਗੇ ਰੱਖਿਆ ਜਾਵੇਗਾ।

63. (1) ਜੇ ਰਾਜ ਸਰਕਾਰ ਸੰਤੁਸ਼ਟ ਹੈ ਕਿ ਜਨਤਕ ਹਿੱਤ ਵਿੱਚ ਅਜਿਹਾ ਕਰਨਾ ਜ਼ਰੂਰੀ ਹੈ, ਤਾਂ ਉਹ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ ਅਤੇ ਅਜਿਹੇ ਹੁਕਮ ਵਿੱਚ ਦਰਜ ਕਾਰਨਾਂ ਕਰਕੇ, ਕਿਸੇ ਉਪਾਪਨ ਜਾਂ ਉਪਾਪਨਾਂ ਦੇ ਵਰਗ ਜਾਂ ਸ਼੍ਰੇਣੀ ਨੂੰ ਜਾਂ ਉਪਾਪਨ ਕਰਨ ਵਾਲੀਆਂ ਹਸਤੀਆਂ ਦੇ ਵਰਗ ਜਾਂ ਸ਼੍ਰੇਣੀ ਨੂੰ ਇਸ ਐਕਟ ਦੇ ਸਾਰੇ ਜਾਂ ਕਿਸੇ ਵੀ ਉਪਬੰਧਾਂ ਦੇ ਲਾਗੂ ਕਰਨ ਤੋਂ ਛੋਟ ਦੇ ਸਕੇਗੀ। ਛੋਟ ਦੀ ਸ਼ਕਤੀ।

(2) ਉਪ-ਧਾਰਾ (1) ਅਧੀਨ ਕੀਤਾ ਗਿਆ ਹਰੇਕ ਹੁਕਮ, ਇਸ ਦੇ ਕੀਤੇ ਜਾਣ ਪਿੱਛੋਂ, ਜਿੰਨੀ ਜਲਦੀ ਹੋ ਸਕੇ, ਵਿਧਾਨ ਸਭਾ ਦੇ ਅੱਗੇ ਰੱਖਿਆ ਜਾਵੇਗਾ।

ਬਚਾਓ। 64. ਇਸ ਐਕਟ ਵਿੱਚ ਉਪਬੰਧਤ ਕੀਤੇ ਗਏ ਮਾਲ, ਸੇਵਾਵਾਂ ਜਾਂ ਕੰਮਾਂ ਦੇ ਉਪਾਪਨ ਨਾਲ ਸਬੰਧਤ ਸਾਰੇ ਨਿਯਮ, ਵਿਨਿਯਮ, ਹੁਕਮ, ਅਧਿਸੂਚਨਾਵਾਂ, ਵਿਭਾਗੀ ਸੰਘਤਾਵਾਂ, ਮੈਨੂਅਲਜ਼, ਉਪ-ਕਾਨੂੰਨ, ਪਦਵਿਕ ਯਾਦ-ਪੱਤਰ ਜਾਂ ਪਰਿਪੱਤਰ, ਜੋ ਕਿ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਨੂੰ ਨਾਫ਼ਜ਼ ਹਨ, ਉਸ ਹੱਦ ਤੱਕ ਨਾਫ਼ਜ਼ ਰਹਿਣਗੇ ਜਦੋਂ ਤੱਕ ਇਸ ਐਕਟ ਦੇ ਉਪਬੰਧਾਂ ਦੇ ਸੰਗਤ ਹਨ, ਜਦੋਂ ਤੱਕ ਉਹ ਇਸ ਐਕਟ ਅਧੀਨ ਬਣਾਏ ਜਾਂ ਜਾਰੀ ਕੀਤੇ ਗਏ ਕਿਸੇ ਵੀ ਨਿਯਮ, ਦਿਸ਼ਾ-ਨਿਰਦੇਸ਼, ਅਧਿਸੂਚਨਾ ਜਾਂ ਹੁਕਮ ਦੁਆਰਾ, ਜਿਹੀ ਕਿ ਸੂਰਤ ਹੋਵੇ, ਨਿਰਸਤ ਜਾਂ ਅਧਿਲੰਘਣ ਨਹੀਂ ਕੀਤੇ ਜਾਂਦੇ।

ਬੀ.ਬੀ.ਐੱਸ.ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3667/3-2026/Pb. Govt. Press, S.A.S. Nagar*